# ਪੰਜਾਬ ਸਕੂਲ ਸਿੱਖਿਆ ਬੋਰਡ

## ਪਾਠ ਕ੍ਰਮ– ਪਹਿਲੀ ਤੋਂ ਪੰਜਵੀਂ ਸ਼੍ਰੇਣੀ

## ਸੈਸ਼ਨ–2019-20

# ਪੜ੍ਹਾਈ ਸਕੀਮ (ਪਹਿਲੀ ਤੋਂ ਪੰਜਵੀਂ ਸ਼੍ਰੇਣੀ)

i. ਪਹਿਲੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ)
ii. ਦੂਜੀ ਭਾਸ਼ਾ (ਚੌਥੀ ਸ਼੍ਰੇਣੀ ਤੋਂ) (ਪੰਜਾਬੀ/ਹਿੰਦੀ)
iii. ਅੰਗਰੇਜ਼ੀ
iv. ਗਣਿਤ
v. ਵਾਤਾਵਰਨ ਸਿੱਖਿਆ
vi. ਸਿਹਤ ਅਤੇ ਸਰੀਰਿਕ ਸਿੱਖਿਆ (ਕ੍ਰਿਆਤਮਕ)

# ਪਹਿਲੀ ਸ੍ਰੇਣੀ

## ਸ਼੍ਰੇਣੀ ਪਹਿਲੀ

## 1. ਪੰਜਾਬੀ (ਪਹਿਲੀ ਭਾਸ਼ਾ)

## ਪਾਠ-ਕ੍ਰਮ

ਪ੍ਰਾਇਮਰੀ ਸ਼੍ਰੇਣੀਆਂ ਦੇ ਅੰਤ ਤੱਕ ਵਿਦਿਆਰਥੀ ਵਿੱਚ ਪੜ੍ਹਾਈ ਦਾ ਹੇਠ ਲਿਖਿਆ ਪੱਧਰ ਪ੍ਰਾਪਤ ਕਰਨ ਦਾ ਉਦੇਸ਼ ਧਿਆਨ ਵਿੱਚ ਰੱਖਿਆ ਜਾਵੇਗਾ :

**1. ਪੜ੍ਹਨਾ**

(ੳ) ਵਿਦਿਆਰਥੀ ਵਿੱਚ ਢੁਕਵੇਂ ਦਬਾਅ, ਠਹਿਰਾਅ ਤੇ ਤਾਨ ਨਾਲ਼ ਉੱਚੀ, ਸਾਫ਼, ਸਪਸ਼ਟ ਤੇ ਢੁਕਵੀਂ ਗਤੀ ਨਾਲ਼ ਪੜ੍ਹਨ ਦੀ ਯੋਗਤਾ ਪੈਦਾ ਕਰਨਾ ।

(ਅ) ਮੌਨ ਪਾਠ ਕਰਨ ਅਰਥਾਤ ਮੂੰਹ ਵਿੱਚ ਹੀ ਚੁੱਪ-ਚਾਪ ਪੜ੍ਹਨ ਦੀ ਯੋਗਤਾ ਪੈਦਾ ਕਰਨਾ।

**2. ਗ੍ਰਹਿਣ ਕਰਨਾ**

i. **ਸੁਣ ਕੇ**

(ੳ) ਧਿਆਨ ਨਾਲ਼ ਅਤੇ ਸਹੀ-ਸਹੀ ਸੁਣ ਕੇ ਸਮਝ ਸਕਣ ਦੀ ਸਮਰੱਥਾ ਦਾ ਵਿਕਾਸ ਕਰਨਾ।

ii. **ਪੜ੍ਹ ਕੇ**

(ੳ) ਧਿਆਨ ਨਾਲ਼ ਪੜ੍ਹ ਕੇ ਸਮਝ ਸਕਣ ਦੀ ਸਮਰੱਥਾ ਦਾ ਵਿਕਾਸ ਕਰਨਾ ।

(ਅ) ਸ਼ਬਦ-ਜੋੜਾਂ ਅਤੇ ਵਿਸਰਾਮ-ਚਿੰਨ੍ਹਾਂ ਅਨੁਸਾਰ ਪੜ੍ਹੀ ਗਈ ਸਮਗਰੀ ਦੇ ਭਾਵਾਂ ਨੂੰ ਸਮਝ ਸਕਣ ਦੀ ਯੋਗਤਾ ਪੈਦਾ ਕਰਨਾ।

**3. ਪ੍ਰਗਟਾਅ**

i. **ਮੌਖਿਕ**

(ੳ) ਸ਼ੁੱਧ, ਰਵਾਨੀ ਨਾਲ਼ ਬਿਨਾਂ ਝਿਜਕ ਤੋਂ ਬੋਲ ਸਕਣ ਦੀ ਯੋਗਤਾ ਪੈਦਾ ਕਰਨਾ ।

(ਅ) ਧੁਨੀਆਂ ਦਾ ਸਹੀ ਉਚਾਰਨ ਕਰਨ ਦੀ ਯੋਗਤਾ ਪੈਦਾ ਕਰਨਾ ।

(ੲ) ਵਿਆਕਰਨ ਦੇ ਪੱਖ ਤੋਂ ਸ਼ੁੱਧ, ਰਵਾਨੀ ਨਾਲ਼ ਅਤੇ ਬਿਨਾਂ ਝਿਜਕ ਤੋਂ ਬੋਲ ਸਕਣ ਦੀ ਸਮਰੱਥਾ ਪੈਦਾ ਕਰਨਾ ।

ii. **ਲਿਖਤੀ**

(ੳ) ਅੱਖਰਾਂ ਜਾਂ ਵਰਨਾਂ ਦੇ ਸਹੀ ਰੂਪ/ਆਕਾਰ ਨੂੰ ਲਿਖ ਸਕਣ ਦੀ ਯੋਗਤਾ ਪੈਦਾ ਕਰਨਾ ।

(ਅ) ਲਿਖਾਈ ਸੁੰਦਰ ਬਣਾਉਣ ਲਈ ਅੱਖਰਾਂ/ਸ਼ਬਦਾਂ ਅਤੇ ਸਤਰਾਂ ਵਿੱਚ ਇਕਸਾਰਤਾ ਰੱਖਣ ਦੀ ਯੋਗਤਾ ਪੈਦਾ ਕਰਨਾ ।

(ੲ) ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਕਰਦਿਆਂ ਆਪਣੇ ਵਿਚਾਰਾਂ ਨੂੰ ਸਪਸ਼ਟ ਤੇ ਢੁਕਵੇਂ ਰੂਪ ਵਿੱਚ ਲਿਖ ਕੇ ਪ੍ਰਗਟ ਕਰਨ ਦੀ ਯੋਗਤਾ ਪੈਦਾ ਕਰਨਾ ।

## ਪਹਿਲੀ ਸ਼੍ਰੇਣੀ (ਪਹਿਲੀ ਭਾਸ਼ਾ)

### ਉਦੇਸ਼

**1. ਪੜ੍ਹਨਾ**

(ੳ) ਵਿਦਿਆਰਥੀ ਗੁਰਮੁਖੀ ਵਰਨ-ਮਾਲ਼ਾ ਦੇ ਅੱਖਰਾਂ ਨੂੰ ਪਛਾਣ ਸਕੇ ।

(ਅ) ਸਧਾਰਨ ਸੰਯੁਕਤ-ਅੱਖਰਾਂ ਨੂੰ ਜੋੜ ਕੇ ਪੜ੍ਹ ਸਕੇ ।

(ੲ) ਪੰਜਾਬੀ ਦੀਆਂ ਸਾਰੀਆਂ ਧੁਨੀਆਂ ਦਾ ਸਹੀ ਉਚਾਰਨ ਕਰ ਸਕੇ ।

(ਸ) ਪੰਜਾਬੀ ਦੀਆਂ 'ਗ,ਘ', 'ਜ,ਝ', 'ਡ,ਢ', 'ਦ,ਧ', 'ਬ,ਭ', 'ਵ,ਬ', 'ਣ,ਨ', 'ਸ,ਸ਼', 'ਜ,ਜ਼' 'ਲ,ਲ਼', ਆਦਿ ਉਦਾਰਨ ਪੱਖੋਂ ਲਗ-ਪਗ ਮਿਲ਼ਦੀਆਂ-ਜੁਲ਼ਦੀਆਂ ਧੁਨੀਆਂ ਦਾ ਆਪਸ ਵਿੱਚ ਨਿਖੇੜਾ ਕਰ ਸਕੇ ।

(ਹ) ਲਗਾਂ ਦੀ ਪਛਾਣ ਅਤੇ ਵਰਤੋਂ ਤੋਂ ਜਾਣੂ ਹੋ ਸਕੇ ।

(ਕ) ਸਰਲ ਸ਼ਬਦਾਂ ਤੇ ਸਧਾਰਨ ਵਾਕਾਂ ਨੂੰ ਸ਼ੁੱਧ ਪੜ੍ਹ ਸਕੇ ।

(ਖ) ਸਰਲ ਅਤੇ ਛੋਟੀਆਂ ਕਹਾਣੀਆਂ, ਕਵਿਤਾਵਾਂ ਅਤੇ ਕਥਨਾਂ ਆਦਿ ਨੂੰ ਪੜ੍ਹ ਸਕੇ ।

2. **ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਅਧਿਆਪਕ ਵੱਲੋਂ ਦਿੱਤੀਆਂ ਜ਼ੁਬਾਨੀ ਹਿਦਾਇਤਾਂ ਨੂੰ ਸਮਝ ਸਕੇ ।

(ਅ) ਸਧਾਰਨ ਕਹਾਣੀਆਂ, ਕਵਿਤਾਵਾਂ, ਗੀਤਾਂ ਤੇ ਕਥਨਾਂ ਆਦਿ ਨੂੰ ਸੁਣ ਕੇ ਸਮਝ ਸਕੇ ।

(ੲ) ਘਰ, ਸਕੂਲ ਅਤੇ ਆਲ਼ੇ-ਦੁਆਲ਼ੇ ਵਿੱਚੋਂ ਸਿੱਖੀ ਹੋਈ ਸ਼ਬਦਾਵਲੀ ਤੋਂ ਇਲਾਵਾ 150-200 ਹੋਰ ਸ਼ਬਦ ਸਿੱਖ ਸਕੇ।

(ਸ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ਹ) ਘਰ, ਗਲ਼ੀ-ਗੁਆਂਢ, ਸਕੂਲ ਆਦਿ ਵਿੱਚ ਸਧਾਰਨ ਗੱਲ-ਬਾਤ ਸੁਣ ਕੇ ਸਮਝ ਸਕੇ ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪੰਜਾਬੀ ਵਰਨ-ਮਾਲ਼ਾ ਦੇ ਅੱਖਰਾਂ ਅਤੇ ਲਗਾਂ ਨੂੰ ਪਛਾਣ ਕੇ ਪੜ੍ਹ ਸਕੇ ।

(ਅ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿੱਚੋਂ ਪੁੱਛੇ ਗਏ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

3. **ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਨਿਯਤ ਪਾਠ-ਪੁਸਤਕਾਂ ਦੇ ਪਾਠ ਬੋਲ ਕੇ ਸਹੀ ਪੜ੍ਹ ਸਕੇ।

(ਅ) ਆਪਣੇ ਸਾਥੀਆਂ ਅਤੇ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

(ੲ) ਘਰ ਅਤੇ ਸਕੂਲ ਤੋਂ ਬਾਹਰ ਵੀ ਕਿਸੇ ਨਾਲ਼ ਗੱਲ-ਬਾਤ ਕਰ ਸਕੇ।

(ਸ) ਆਪਣੀਆਂ ਲੋੜਾਂ ਬਾਰੇ ਦੱਸ ਸਕੇ ।

(ਹ) ਇੱਕਲਿਆਂ ਜਾਂ ਰਲ਼ ਕੇ ਲੋਰੀਆਂ, ਬਾਲ-ਗੀਤ ਆਦਿ ਗਾ ਸਕੇ ।

(ii) **ਲਿਖਤੀ**

(ੳ) ਵਿਦਿਆਰਥੀ ਵਰਨ -ਮਾਲ਼ਾ ਦੇ ਸਾਰੇ ਚਿੰਨ੍ਹਾਂ ਨੂੰ ਸਹੀ ਲਿਖ ਸਕੇ।

(ਅ) ਅੱਖਰਾਂ, ਲਗਾਂ ਆਦਿ ਨੂੰ ਠੀਕ ਆਕਾਰ ਵਿੱਚ ਲਿਖ ਸਕੇ।

(ੲ) ਬਲੈਕ-ਬੋਰਡ ਅਤੇ ਪਾਠ-ਪੁਸਤਕਾਂ ਵਿੱਚੋਂ ਸ਼ਬਦਾਂ, ਵਾਕਾਂਸ਼ਾਂ ਅਤੇ ਵਾਕਾਂ ਨੂੰ ਦੇਖ ਕੇ ਲਿਖ ਸਕੇ।

(ਸ) ਅੱਖਰਾਂ, ਸ਼ਬਦਾਂ, ਵਾਕਾਂ/ਸਤਰਾਂ ਵਿਚਕਾਰ ਲੁੜੀਂਦੀ ਵਿੱਥ ਰੱਖ ਸਕੇ ਤਾਂਜੋ ਉਸ ਦੁਆਰਾ ਲਿਖਿਆ ਸਪਸ਼ਟ ਪੜ੍ਹਿਆ ਜਾ ਸਕੇ।

(ਹ) ਠੀਕ ਢੰਗ ਨਾਲ਼ ਬੈਠ ਕੇ ਲਿਖ ਸਕੇ।

(ਕ) ਲਿਖਣ ਲਈ ਪੈਂਨਸਿਲ, ਕਲਮ, ਸਲੇਟ, ਕਾਪੀ, ਫੱਟੀ ਆਦਿ ਲਿਖਣ- ਸਮਗਰੀ ਦੀ ਵਰਤੋਂ ਠੀਕ ਢੰਗ ਨਾਲ਼ ਕਰ ਸਕੇ।

**ਨਿਯਤ ਪਾਠ-ਪੁਸਤਕਾਂ**

**1. ਪੰਜਾਬੀ ਪੁਸਤਕ-1**

**ਪ੍ਰਕਾਸ਼ਕ:- ਪੰਜਾਬ ਸਕੂਲ ਸਿੱਖਿਆ ਬੋਰਡ**

# कक्षा पहली

## 2. हिंदी (प्रथम भाषा)

## (पहली से पाँचवीं कक्षा के लिए)

**उद्देश्य :–**

प्राइमरी के पाँचवें वर्ष के अन्त तक पढ़ाई का निम्नलिखित स्तर प्राप्त करने का दृष्टिकोण ध्यान में रखा जाए :–

**मौखिक :**

(क) बच्चे में वर्णों के मेल से अर्थपूर्ण शब्द बनाने की योग्यता का विकास करना ।

(ख) बच्चे में सही–सही, ध्यान से और मन्तव्य से सुन सकने की योग्यता का विकास करना, जिससे :

1. वह संदेश को सुनकर उसे ठीक ढंग से समझ सके;
2. वह किसी वार्ता या भाषण को सुनकर इस सम्बन्ध में कुछ प्रश्नों के उत्तर दे सके;
3. भाषण या वार्ता आदि सुनकर वह अपनी रूचि की बातों की ओर आकृष्ट हो सके।

(ग) बच्चे में प्रभावशाली ढंग से बोलने की ऐसी क्षमता उत्पन्न करना जिससे वह सही एवं अनुरूप विधि से :–

1 बोली की प्रत्येक ध्वनि का अलग–अलग व सही उच्चारण करने की क्षमता अर्जित कर सके;

2 सही– सही उच्चारण और वाक्यों के उतार–चढ़ाव के साथ बोलने की विधि सीख ले,

3 व्याकरण की दृष्टि से सही वाक्य बोल सके;

4 अपने जीवन, स्कूल, घर और आस–पड़ोस के बारे में निधड़क रूप से बातचीत कर सके।

5 साधारण कहानियाँ सुना सके;

6 अपने द्वारा किए गए काम का संक्षेप में उल्लेख कर सके;

7 समूह में या अकेले ही किसी छोटी कविता को प्रभावशाली ढंग से सुना सके;

8 अपने विचारों को सही तथा स्पष्ट रूप से अभिव्यक्त करने के लिए शब्दावली का चयन कर सके ।

**पढ़ाई**

(क) विद्यार्थी में ज़ोर से, साफ, स्पष्ट व रूचि से पढ़ाई की योग्यता पैदा करना, जिससे;–

1 वह पढ़े हुए शब्दों पर उचित बल दे सके और उचित (शुद्ध) उच्चारण कर सके;

2 वह पढ़ी हुई सामग्री का अर्थ व मंतव्य समझ सके ।

(ख) वह अर्थ–ग्रहण करता हुआ उचित गति से पढ़ सके, जिससे :

1 वह चुपचाप बिना होठ हिलाये पढ़ सके ;

2 वह पढ़ी हुई रचना के अंश में आए विचारों के सम्बन्ध में प्रश्नों के उत्तर दे सके;

3 वह बाल–साहित्य व हस्त–लिखित साधारण पत्रों को पढ़ सके ;

4 ज्ञान और आनन्द प्रदान करने वाली पुस्तकों के प्रति मन में आदर की भावना पैदा हो सके;

5 नये शब्दों और मुहावरों का वाक्यों मे प्रयोग करना सीख सके ।

**लिखाई :**

क) विद्यार्थी में उचित ढंग से स्पष्ट, सही, संक्षिप्त और प्रभावशाली ढंग से लिखने की योग्यता पैदा करना, जिससे :

1 उसे अक्षरों या वर्णों के सही रूप व आकार की जानकारी हो और इनको लिखने की ठीक विधि आ जाये;

2 उसे सीखे हुए शब्दों के सही वर्ण–योग का ज्ञान हो;

3 उसे विराम चिह्न और उनके प्रयोग का ज्ञान हो;

4 उसे अक्षरों के आकार, तिरछेपन और बीच के स्थान का ज्ञान हो;

5 वह अभिव्यक्ति में सही शब्दों का प्रयोग कर सके;

6 उसे विचारों की संयुक्तता तथा उनको क्रमबद्ध ढंग से लिखने का ज्ञान हो;

ख) विद्यार्थी में निजी पत्र, साधारण आवेदन पत्र लिखने की क्षमता विकसित करना, जिससे :

1 उसे आवेदन पत्र के आरम्भ, मध्य, अन्त व पता लिखने की सही विधि का ज्ञान हो;

2 उसे सुव्यवस्थित विचारों को अनुच्छेदों में लिखने की क्षमता प्राप्त हो ।

ग) विद्यार्थी में सृजनात्मक लेखन के लिए योग्यता पैदा करना, जिससे वह :

1 किसी वास्तविक या काल्पनिक घटना या दृश्य का वर्णन कर सके;

2 दिए हुए संकेतों से कहानी विकसित कर सके;

3 आधी कहानी को पूरा कर सके;

4 अपने विचारों को अपने शब्दों में अभिव्यक्त कर सके।

## पाठ्यक्रम

## पहली तथा दूसरी कक्षा (प्रथम भाषा)

**नोट :–**

(क) पहली व दूसरी कक्षा को एक ही ग्रेड (श्रेणी) माना गया है, जिसका मिला–जुला (सांझा) एक पाठ्यक्रम होगा । पर सरलता के लिए इसको दो भागों में बाँट लिया गया है । अध्यापक और भी आगे इसको इकाइयों में बाँट सकता है ।

(ख) बच्चे के वर्तमान स्तर का निर्णय उसके उस ग्रेड में पढ़ने के समय से नहीं, अपिनु विभाजित इकाइयों को सम्मुख रखकर किया जाए। उसकी प्राप्तियों के मूल्यांकन का आधार भी पहले और दूसरे भाग में, सम्बन्धित इकाइयों को पूरा करने के उपरान्त, उसके मानसिक स्तर और योग्यता को बनाया जाये ।

(ग) प्रत्येक श्रेणी का यह पाठ्यक्रम एक विशाल संकेत और स्तर निधारित करता है । ऐसा भाषा की पढ़ाई के सम्बन्ध में होना स्वाभाविक है। पाठ्य–सामग्री, शैक्षिक – अनुभव और कियाकलाप के विस्तार अध्यापक ने स्वयं अपने साधनों और बालक की स्कूल जाने से पहले की घरेलू अवस्था की जानकारी को सम्मुख रखकर तैयार करना है ।

(घ) प्राइमरी श्रेणियों में नये शैक्षिक अनुभव प्रदान किये जाते हैं। इन अनुभवों को एक या दो श्रेणियों में दोहराना काफी होता है

### कक्षा –1 (प्रथम भाषा)

**मौखिक अभिव्यक्ति** : विद्यार्थी में ऐसी योग्यता का विस्तार करना जिससे वह :

1 हिंदी की सभी ध्वनियों की चित्र देखकर पहचान कर सके ;

2 हिंदी की मिलती – जुलती ध्वनियों की पहचान कर सके;

3 हिंदी की मात्राओं की पहचान कर सके ;

4 अनुस्वार और अनुनासिक में भेद कर सके ;

5 मौखिक निर्देशों को समझ सके ;

6 अपने परिवेश/पर्यावरण की जानकारी प्राप्त कर सके ।

7 घर और समाज में विचरते हुए नैतिक मूल्यों जैसेः प्रेम, सहानुभूति, आदर, परिश्रम की पहचान कर सके ;

8 चित्र देखकर बात कर सके;

9 समूह में या व्यक्तिगत रूप से हाव – भाव के साथ कविता का उच्चारण कर सके।

**पढ़ाई** : विद्यार्थी में ऐसी योग्यता का विस्तार करना जिससे वह :

1 चित्र देखकर हिंदी वर्णमाला को पढ़ सके ;

2 निर्धारित पाठ्य – पुस्तक में से शब्दों और वाक्यों को स्पष्ट रूप से पढ़ सके ;

3 अपने परिवेश से नये शब्द पढ़ सके ।

**लिखाई** : विद्यार्थी में ऐसी योग्यता का विस्तार करना जिससे वह :

1 लिखने के लिए सही मुद्रा में बैठ सके ;

2 लिखने से सम्बन्धित सामग्री का ठीक प्रयोग करने के योग्य हो सके ;

3 देवनागरी लिपि के चिह्नों को सही –सही लिखने के योग्य हो सके ;

4 स्पष्ट और आनुपातिक (एक सार) अक्षर लिखने के योग्य हो सके ;

5 शब्दों में आई ध्वनियों को अलग कर सके ;

6 ब्लैकबोर्ड से और पाठ्य – पुस्तक में से शब्दों और वाक्यों को देखकर लिख सके।

**पाठ्य – पुस्तक : हिंदी पुस्तक –1 (पंजाब स्कूल शिक्षा बोर्ड द्वारा प्रकाशित )**

## 3.ਉਰਦੂ

**Punjab School Education Board**

S.A.S Nagar, Mohali

Syllabus of Urdu (Class 1st)

---

نصابی کتاب:۔ ہماری کتاب　　مرتبہ:۔ سید شوکت علی　　حصہ اوّل (قاعدہ نستعلیق)

شائع کردہ:۔ مرکزی مکتبہ اسلامی پبلیشرز، نئی دہلی۔25

وقت: 2 گھنٹے

کل نمبر: 50

نوٹ: تمام سوالات نصابی کتاب میں سے ہی پوچھے جائیں گے۔

| | |
|---|---|
| I۔حروف تہجی لکھنا۔(ا ب پ ت) | 10 |
| II۔کتاب میں سے دیئے گئے جملوں یا الفاظ کو دیکھ کر خوشخط لکھنا۔ | 5 |
| III۔دو یا تین حروف ملا کر پانچ الفاظ بنانا۔مثال درج ذیل ہے<br>(ر+ب=رب، د+ل=دل، ذ+ر+ا=ذرا، و+ر+ق=ورق) | 10 |
| IV۔دیئے گئے دو یا تین حروف والے الفاظ میں سے کسی پانچ کو حروف میں لکھنا۔<br>مثال درج ذیل ہے۔<br>(دوا=د+و+ا، بتا=ب+ت+ا، دن=د+ن، پل=پ+ل) | 10 |
| V۔اپنی کتاب میں سے کسی پانچ کھانے پینے کی چیزوں کے نام لکھنا۔ | 5 |
| VI۔نون غنہ والے کوئی پانچ الفاظ لکھنا۔ | 5 |
| VII۔اردو میں پانچ تک گنتی لکھنا۔ | 5 |

**CLASS- I**

## 4. ENGLISH

| Suggested Pedagogical Processes | Learning Outcomes |
|---|---|
| **The learner may be provided opportunities in pairs/groups/ individually and encouraged to:**<br>➢ name common objects like cat, dog etc. when pictures are shown<br>➢ use familiar and simple words ('bat', 'pen', 'cat') as examples to introduce the starting sound and letter (/b/, /p/, /k/ etc)<br>➢ develop phonemic awareness through activities focusing on different sounds, emerging from the words in stories and texts.<br>➢ sing/recite collectively songs/poems/rhymes with action.<br>➢ listen to short stories, interact in English/home language.<br>➢ ask simple questions like names of characters from the story, incidents that he/she likes in the story, etc.<br>➢ draw/scribble pictures/ images from the story as preliminary to writing.<br>➢ respond in home language /English/sign language/non-verbal language<br>➢ express what he/she has understood in the story/poem language/non-verbal expressions.<br>➢ use greetings like "good morning", "thank you" and have polite conversations in English like "What is your name?", "How are you?" etc.<br>➢ say 2-3 sentences describing familiar persons and places such as family photograph, parks etc.<br>➢ give examples of common blend sounds in words like 'brother', 'friend', brush, star, spoon etc. | **The learner:**<br>• associates words with pictures.<br>• names familiar objects seen in the pictures.<br>• Joins dots and traces letters and objects.<br>• recognizes letters and their sounds Aa-Zz<br>• able to differentiate sounds of letters (in beginning of words)<br>• identifies names of fruits, vegetables, things at home, things in the classroom, good habits, national symbols from pictures<br>• differentiates between small and capital letters in print.<br>• able to read and write capital and small letters in sequence and jumbled.<br>• recites poems/rhymes with actions.<br>• responds orally to comprehension questions related to stories/poems.<br>• identifies characters and sequence of a story and responds to the related questions about the story.<br>• carries out simple instructions such as 'come here',go there, 'touch your head / feet / eyes'etc.<br>• listens to English words, greetings, polite forms of expression, simple sentences, and responds in same language /mother tongue/signs.<br>• talks about self /situations/ pictures in English uses nouns such as 'boy', 'sun', and prepositions like 'in', 'on',etc<br>• produces words with common blends like "br" ''gr'' ''sp'' "st" like 'brother', star'grapes, spoon etc.<br>• reads and writes some two letter words like in, on, to, do, so, no, at,an,is,it,up etc.<br>• reads and writes some common/simple words like bat, cat,mat,man,car,sun,pen etc. |

**Contents**

1. Let's Know One Another
2. Let's Play
3. My Family
4. My Home
5. My Body
6. World of Colours and Shapes
7. English Alphabet (A-Z)
8. Animals, Fruits and Vegetables
9. English Alphabet (a-z)
10. Joining Sounds
11. In/on
12. Good habits

**Book prescribed by Punjab School Education Board**
**RAINBOW (English class-I)**

## ਸ਼੍ਰੇਣੀ-ਪਹਿਲੀ
## 5. ਗਣਿਤ

**ਸਮਾਂ: 3 ਘੰਟੇ**

### ਰੇਖਾ ਗਣਿਤ

**ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਗਿਆਨ:-**

- ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਸੰਬੰਧਾਂ ਦੀ ਸ਼ਬਦਾਵਲੀ ਵਿਕਸਿਤ ਕਰਨਾ ਅਤੇ ਵਰਤੋਂ ਕਰਨਾ। ਸਿਖਰ-ਤਲ, ਉੱਪਰ-ਹੇਠਾਂ, ਅੰਦਰ-ਬਾਹਰ, ਉੱਪਰਲਾ-ਹੇਠਲਾ, ਨੇੜੇ-ਦੂਰ, ਪਹਿਲਾਂ-ਬਾਅਦ ਦਾ ਸੰਕਲਪ।

**ਸਾਡੇ ਆਲੇ -ਦੁਆਲੇ ਦੀਆਂ ਠੋਸ ਆਕ੍ਰਿਤੀਆਂ:-**

- ਆਪਣੇ ਆਲੇ ਦੁਆਲੇ ਤੋਂ ਵੱਖ-ਵੱਖ ਵਸਤੂਆਂ ਨੂੰ ਇੱਕਠਾ ਕਰਨਾ, ਜਿਵੇਂ-ਪੱਥਰ, ਡੱਬੇ, ਗੇਂਦ, ਕੋਣ, ਪਾਈਪ ਆਦਿ।
- ਵਸਤੂਆਂ ਨੂੰ ਉਹਨਾਂ ਦੇ ਅਕਾਰ ਅਤੇ ਹੋਰ ਵਿਸ਼ੇਸ਼ਤਾ ਅਨੁਸਾਰ ਛਾਂਟਣਾ, ਵਰਗੀਕਰਣ ਕਰਨਾ ਅਤੇ ਵਿਆਖਿਆ ਕਰਨਾ।
- ਆਕ੍ਰਿਤੀ ਦੇ ਵੱਖ-ਵੱਖ ਤਰੀਕੇ ਦਾ ਨਿਰੀਖਣ ਅਤੇ ਵਰਣਨ ਜੋ ਰਿੜਨ ਅਤੇ ਖਿਸਕਾਉਣ ਦੀ ਹਰਕਤ ਨੂੰ ਪ੍ਰਭਾਵਿਤ ਕਰਦਾ ਹੈ।
- ਗੱਤੇ ਤੋਂ ਬਣੀਆਂ 2-D ਵਰਗੀਆਂ ਸਮਤਲ ਆਕ੍ਰਿਤੀਆਂ ਨੂੰ ਛਾਂਟਣਾ।

**ਸੰਖਿਆਵਾਂ**

**ਗਿਣਤੀ, ਇੱਕ ਤੋਂ ਨੌਂ ਤੱਕ ਸੰਖਿਆਵਾਂ ਅਤੇ ਜ਼ੀਰੋ ਦੀ ਕਿਰਿਆ ਸੰਬੰਧੀ ਜਾਣਕਾਰੀ ਵਿਕਸਿਤ ਕਰਨਾ।**

- ਵਸਤੂਆਂ ਦਾ ਨਿਰੀਖਣ ਕਰਨਾ ਅਤੇ ਵਸਤੂਆਂ ਨੂੰ ਇੱਕਠਾ ਕਰਨਾ।
- ਇੱਕਠੀਆਂ ਕੀਤੀਆਂ ਵਸਤੂਆਂ ਨੂੰ ਤਰਤੀਬ ਵਿੱਚ ਲਗਾਉਣਾ।
- ਤੁਲਣਾ ਯੋਗ ਅਤੇ ਇੱਕ-ਇੱਕ ਅਨੁਰੂਪਤਾ ਅਨੁਸਾਰ ਵਸਤੂਆਂ ਨੂੰ ਇੱਕਠ ਵਿੱਚ ਗਿਣਨਾ।
- ਕਿਸੇ ਖਾਸ ਸੰਖਿਆ ਦੇ ਅਨੁਰੂਪ ਵਸਤੂਆਂ ਨੂੰ ਇੱਕਠਾ ਕਰਨਾ।
- 1 ਤੋਂ 9 ਤੱਕ ਸੰਖਿਆਵਾਂ ਦੀ ਪਹਿਚਾਣ ਅਤੇ ਉਚਾਰਨ।
- 1 ਤੋਂ 9 ਤੱਕ ਸੰਖਿਆਵਾਂ ਦੀ ਗਿਣਤੀ, ਤੁਲਨਾ (ਅਸਲ ਵਸਤੂਆਂ ਦੀ ਵਰਤੋਂ ਅਨੁਸਾਰ ਜਾਂ ਤਾੜੀ ਮਾਰ ਕੇ ਗਿਣਤੀ ਕਰਵਾਉਣਾ)।
- 1 ਤੋਂ 9 ਤੱਕ ਸੰਖਿਆਵਾਂ ਨੂੰ ਪੜ੍ਹਨਾ ਅਤੇ ਲਿਖਣਾ ।
- ਅਸਲ ਵਸਤੂਆਂ ਦੀ ਵਰਤੋਂ ਜਾਂ ਫੋਟੋਆਂ ਦੀ ਵਰਤੋਂ ਕਰਦੇ ਹੋਏ ਜੋੜ ਅਤੇ ਘਟਾਉ।
- '+' ਅਤੇ '−' ਨਿਸ਼ਾਨਾਂ ਦੀ ਵਰਤੋਂ ਕਰਕੇ ਜੋੜ ਅਤੇ ਘਟਾਉ, ਘਟਾਉ ਵਿਧੀ ਰਾਹੀਂ ਸਿਫਰ ਤੱਕ ਪਹੁੰਚਣਾ (ਜਿਵੇਂ:- 3−1=2, 3−2=1, 3−3=●)

**10 ਤੋਂ 20 ਤੱਕ ਸੰਖਿਆਵਾਂ**

- 10 ਤੋਂ 20 ਤੱਕ ਦੀਆਂ ਸੰਖਿਆਵਾਂ ਦੇ ਅਨੁਕ੍ਰਮ ਦਾ ਨਿਰਮਾਣ।
- ਇਹਨਾਂ ਸੰਖਿਆਵਾਂ ਦੀ ਸਹਾਇਤਾ ਨਾਲ਼ ਵਸਤੂਆਂ ਨੂੰ ਗਿਣਨਾ।
- ਵਸਤੂਆਂ ਨੂੰ ਦੱਸ-ਦੱਸ ਦੇ ਗਰੁੱਪ (ਸਮੂਹ) ਵਿੱਚ ਇੱਕਠਾ ਕਰਨਾ ਅਤੇ ਇੱਕਲੀ ਵਸਤੂ ਅਨੁਸਾਰ ਕਰਨਾ। ਦਹਾਈਆਂ ਅਤੇ ਇਕਾਈਆਂ ਦੇ ਸਮੂਹ ਦੀ ਸ਼ਬਦਾਵਲੀ ਵਿਕਸਿਤ ਕਰਨਾ ।
- ਚਿੱਤਰ ਰਾਹੀਂ ਦਹਾਈਆਂ ਅਤੇ ਇਕਾਈਆਂ ਦੇ ਸਮੂਹਾਂ ਨੂੰ ਦਰਸਾਉਣਾ।
- ਇੱਕ ਦਿੱਤੀ ਹੋਈ ਸੰਖਿਆ ਵਿੱਚ ਦਹਾਈਆਂ ਅਤੇ ਇਕਾਈਆਂ ਦੀ ਸੰਖਿਆ ਦੀ ਗਿਣਤੀ ਕਰਨਾ।
- 11 ਤੋਂ 19 ਲਈ ਸੰਖਿਆ ਅੰਕਾਂ ਨੂੰ ਲਿਖਣਾ
- 10 ਅਤੇ 20 ਲਈ ਸੰਖਿਆ ਅੰਕਾਂ ਨੂੰ ਲਿਖਣਾ ।
- 20 ਤੱਕ ਸੰਖਿਆਵਾਂ ਦੀ ਤੁਲਨਾ ਕਰਨਾ।

**ਜੋੜ ਅਤੇ ਘਟਾਉ (ਵੀਹ ਤੱਕ)**

20 ਤੱਕ ਸੰਖਿਆਵਾਂ ਦਾ ਜੋੜ ਅਤੇ ਘਟਾਉ।

**21 ਤੋਂ 99 ਤੱਕ ਸੰਖਿਆਵਾਂ**

- 21 ਤੋਂ 99 ਲਈ ਸੰਖਿਆ ਅੰਕ ਲਿਖਣੇ।

  ਵਸਤੂਆਂ ਨੂੰ ਦਹਾਈਆਂ ਅਤੇ ਇਕਾਈਆਂ ਦੇ ਸਮੂਹ ਵਿੱਚ ਇੱਕਠੇ ਕਰਨਾ।
- ਇਕਾਈਆਂ ਅਤੇ ਦਹਾਈਆਂ ਦੇ ਸਮੂਹ ਨੂੰ ਦਰਸਾਉਣ ਲਈ ਚਿੱਤਰ ਬਣਾਉਣਾ।
- ਇੱਕ ਸੰਖਿਆ ਦੇ ਦਹਾਈਆਂ ਅਤੇ ਇਕਾਈਆਂ ਦੇ ਜ਼ਬਾਨੀ ਸਮੂਹ ਬਣਾਉਣਾ।

**ਦਿਮਾਗੀ ਅੰਕ ਵਿਗਿਆਨ** : -- ਦੋ ਇੱਕ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਜ਼ਬਾਨੀ ਜੋੜਨਾ।

**ਮੁਦਰਾ (ਧਨ)** : -

- ਆਮ ਕਰੰਸੀ (ਨੋਟਾਂ ਅਤੇ ਸਿੱਕਿਆਂ) ਦੀ ਪਹਿਚਾਣ।
- ਧਨ ਦੀ ਛੋਟੀਆਂ ਰਾਸ਼ੀਆਂ ਨੂੰ ਇੱਕਠਾ ਰੱਖਣਾ।

**ਮਾਪ: ਲੰਬਾਈ:**

- ਨੇੜੇ-ਦੂਰ, ਪਤਲਾ-ਮੋਟਾ, ਲੰਬਾ-ਛੋਟਾ,ਦਾ ਸੰਕਲਪ
- ਵਸਤੂਆਂ ਨੂੰ ਲੰਬਾਈ ਅਨੁਸਾਰ ਕ੍ਰਮਬੱਧ ਕਰਨਾ
- ਗੈਰ ਮਿਆਰੀ ਇਕਾਈਆਂ ਦੀ ਵਰਤੋਂ ਨਾਲ਼ ਲੰਬਾਈਆਂ ਮਾਪਣਾ (ਗੁੱਲੀ ਡੰਡਾ, ਬੰਟੇ ਖੇਡਣ ਦੀ ਖੇਡ ਦੇ ਸੰਬੰਧ ਵਿੱਚ)
- ਲੰਬਾਈਆਂ ਅਤੇ ਦੂਰੀਆਂ ਦਾ ਅੰਦਾਜਾ ਲਗਾਉਣਾ ਅਤੇ ਗੈਰ ਮਿਆਰੀ ਇਕਾਈਆਂ ਨਾਲ਼ ਪੜਤਾਲ ਕਰਨੀ (ਹੱਥ, ਗਿੱਠ ਆਦਿ)।

**ਪੁੰਜ (ਭਾਰ)** :-

- ਭਾਰੀ ਅਤੇ ਹਲਕੀਆਂ ਵਸਤੂਆਂ ਵਿੱਚ ਤੁਲਨਾ।

**ਸਮਾਂ** :-

- ਕਿਸੇ ਸਮੇਂ ਵਾਪਰੀਆਂ ਘਟਨਾਵਾਂ ਨੂੰ ਪਹਿਲਾਂ ਅਤੇ ਬਾਅਦ ਦੇ ਪਦਾਂ ਵਿੱਚ ਵੱਖ ਵੱਖ ਕਰਨਾ।
- ਸਕੂਲ ਦੇ ਦਿਨਾਂ ਅਤੇ ਛੁੱਟੀਆਂ ਦੇ ਸਮੇਂ ਨੂੰ ਗੁਣਾਤਮਕ ਪੱਖੋਂ ਛੋਟੇ ਅਤੇ ਵੱਡੇ ਅੰਤਰਾਲ ਵਿੱਚ ਮਹਿਸੂਸ ਕਰਾਉਣਾ।
- ਇੱਕ ਦਿਨ ਦੀ ਅਵਧੀ ਨੂੰ ਅਨੁਕ੍ਰਮ ਕਰਨਾ।

**ਅੰਕੜੇ ਬਣਾਉਣਾ**

ਸਧਾਰਣ ਅੰਕੜਿਆ ਨੂੰ ਇੱਕਠੇ ਕਰਨਾ, ਦਰਸਾਉਣਾ ਅਤੇ ਵਿਆਖਿਆ ਕਰਨੀ (ਜਿਵੇਂ ਕਾਗਜ਼ ਦੀ ਪੱਟੀ ਨਾਲ਼ ਬਾਂਹ ਦੀ ਲੰਬਾਈ ਮਾਪਣਾ ਜਾਂ ਸਿਰ ਦਾ ਘੇਰਾ ਮਾਪਣਾ) ।

**ਪੈਟਰਨ (ਨਮੂਨੇ)**:-

- ਸਧਾਰਣ ਅਨੁਪਾਤਕ ਆਕ੍ਰਿਤਿਆਂ ਅਤੇ ਨਮੂਨੇ ਦੀ ਪਹਿਚਾਣ ਕਰਨਾ, ਉਦਾਹਰਣ ਤੌਰ ਤੇ ਉਗਲਾਂ ਅਤੇ ਅੰਗੂਠੇ ਨਾਲ਼ ਨਮੂਨੇ ਬਣਾਉਣਾ ।
- ਸੰਖਿਆ ਅਤੇ ਆਲੇ ਦੁਆਲੇ ਵਿੱਚ ਆਕ੍ਰਿਤੀਆ ਦੇ ਸਧਾਰਨ ਪੈਟਰਨ ਦੇ ਅਨੁਕ੍ਰਮ ਨੂੰ ਪੂਰਾ ਕਰਨਾ।

## ਸ਼੍ਰੇਣੀ : ਪਹਿਲੀ

## 6. ਵਾਤਾਵਰਨ ਸਿੱਖਿਆ

**ਉਦੇਸ਼**

ਸਿੱਖਿਆਰਥੀ

- ❖ ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ❖ ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ❖ ਉਹ ਸਵਸਥ ਜੀਵਨ – ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ ।ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ❖ ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ❖ ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ❖ ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ❖ ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ❖ ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

### ਵਿਸ਼ਾ -ਵਸਤੂ : ਪਹਿਲੀ ਅਤੇ ਦੂਜੀ ਸ਼੍ਰੇਣੀ

ਪਹਿਲੀ ਅਤੇ ਦੂਜੀ ਸ਼੍ਰੇਣੀਆਂ ਵਿੱਚ ਅਧਿਆਪਕ ਦੁਆਰਾ ਬੱਚੇ ਦੇ ਕਰੀਬੀ ਆਲੇ ਦੁਆਲੇ ਵਿੱਚੋਂ ਹੀ ਪਾਠਕ੍ਰਮ ਦੀ ਰਚਨਾ ਕੀਤੀ ਜਾਣੀ ਹੈ। ਇਹਨਾਂ ਸ਼੍ਰੇਣੀਆਂ ਦਾ ਪਾਠ ਕ੍ਰਮ, ਭਾਸ਼ਾ, ਗਣਿਤ ਅਤੇ ਆਰਟ ਅਤੇ ਹੈਲਦੀ ਐਂਡ ਪ੍ਰੋਡਕਟਿਵ ਲਿਵਿੰਗ ਰਾਹੀਂ ਹੀ ਪੜ੍ਹਾਇਆ ਜਾਵੇਗਾ।

(ੳ) **ਬੱਚੇ ਦਾ ਵਾਤਾਵਰਨ**

- ❖ ਬੱਚੇ ਦਾ ਕਰੀਬੀ ਵਾਤਾਵਰਨ (ਪਰਿਵਾਰ ਅਤੇ ਘਰ, ਸਕੂਲ ਅਤੇ ਦੋਸਤ, ਜਾਨਵਰ, ਪੌਦੇ ਅਤੇ ਵਸਤਾਂ)
- ❖ ਸਥਾਨਕ ਵਾਤਾਵਰਨ ਵਿਚਲੇ ਆਮ ਜਾਨਵਰ, ਪੰਛੀ ਅਤੇ ਪੌਦੇ ।
- ❖ ਸਥਾਨਕ ਖੇਤਰ ਦੇ ਭੌਤਿਕੀ ਲੱਛਣ ਜਿਵੇਂ ਬਨਸਪਤੀ, ਜੀਵ-ਜੰਤੂ, ਭੌਂ-ਦ੍ਰਿਸ਼।

(ਅ) **ਵਾਤਾਵਰਨ ਅਤੇ ਬੱਚੇ ਦੀਆਂ ਲੋੜਾਂ**

- ❖ ਭੋਜਨ, ਪਾਣੀ, ਰਿਹਾਇਸ਼, ਖੇਡਣ ਅਤੇ ਮੌਜ ਮਸਤੀ ਦੀ ਲੋੜ ।
- ❖ ਦੁਰਘਟਨਾਵਾਂ, ਤਿੱਖੀਆਂ ਵਸਤਾਂ ਅਤੇ ਅੱਗ ਤੋਂ ਬਚਾਉ ।

(ੲ) **ਸਫਾਈ ਅਤੇ ਵਾਤਾਵਰਨ ਦੀ ਸੰਭਾਲ**

- ❖ ਨਿਜੀ ਸਫਾਈ ਅਤੇ ਚੰਗੀਆਂ ਆਦਤਾਂ।
- ❖ ਨਿਜੀ ਚੀਜਾਂ ਨੂੰ ਸਾਫ਼ਸੁਥਰਾ ਰੱਖਣਾ।

- ਆਲੇ – ਦਆਲੇ ਨੂੰ ਸਾਫ਼ਰੱਖਣਾ (ਘਰ, ਖੇਡ ਦਾ ਮੈਦਾਨ, ਕਲਾਸ ਅਤੇ ਸਕੂਲ )
- ਪੌਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨੀ।

**ਉਦਾਹਰਣ ਕਿਰਿਆਵਾਂ** :

ਹੇਠਾਂ ਦਿੱਤੀਆਂ ਕਿਰਿਆਵਾਂ ਸੁਝਾਈਆਂ ਜਾ ਰਹੀਆਂ ਹਨ। ਅਧਿਆਪਕ ਆਪਣੇ ਆਪ, ਆਪਣੇ ਆਲੇ-ਦੁਆਲੇ ਅਤੇ ਬੱਚਿਆਂ ਦੀ ਰੁੱਚੀ ਦੇ ਪੱਧਰ ਅਨੁਸਾਰ ਕਿਰਿਆਵਾਂ ਵਿਉਂਤ ਤੇ ਸਿਰਜ ਸਕਦੇ ਹਨ।

- ਪ੍ਰਾਕਿਰਤੀ ਦੀ ਸੁੰਦਰਤਾ, ਸਮਤਾ, ਇਕਸੁਰਤਾ ਅਤੇ ਵੰਨਸੁਵਨਤਾ ਨੂੰ ਨਿਹਾਰਨ ਦੇ ਅਵਸਰ ਪ੍ਰਦਾਨ ਕਰਨਾ।
- ਬੱਚਿਆਂ ਨੂੰ ਪੋਦਿਆਂ, ਜਾਨਵਰਾਂ, ਵਸਤਾਂ, ਦ੍ਰਿਸ਼ਾਂ, ਪ੍ਰਸਥਿਤੀਆਂ, ਘਟਨਾਵਾਂ, ਵਾਰਦਾਤਾਂ ਨੂੰ ਗਹੁ ਨਾਲ਼ ਦੇਖਣ ਲਈ ਪ੍ਰੇਰਿਤ ਕਰਨਾ ।
- ਪ੍ਰਾਕਿਰਤੀ ਨੂੰ ਨਿਹਾਰਨਾ।
- ਰੋਜ਼ਾਨਾ ਜਿੰਦਗੀ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਕਹਾਣੀਆਂ ਬਿਆਨ ਕਰਨੀਆਂ ।
- ਚਾਰਟਾਂ, ਤਸਵੀਰਾਂ, ਅੜਾਉਣੀਆਂ(PUZZLE)ਅਤੇ ਕੱਟ-ਆਉਟ ਦੀ ਵਰਤੋਂ ਕਰਨ ਲਈ ਪ੍ਰੋਤਸਾਹਿਤ ਕਰਨਾ।
- ਪੋਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨ ਲਈ ਕਹਿਣਾ।
- ਕਲੇਅ ਮਾਡਲਿੰਗ, ਪੇਪਰ ਕਟਿੰਗ ਅਤੇ ਫੋਲਡਿੰਗ ਵਰਗੀਆਂ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ।
- ਬੱਚਿਆਂ ਦੀ ਆਪਣੀ ਸੰਭਾਲ ਕਰਨ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਵਿੱਚ ਸਹਾਇਤਾ ਕਰਨਾ।
- ਡਰਾਮੇ ਆਯੋਜਿਤ ਕਰਾਉਣੇ ਅਤੇ ਉਹਨਾਂ ਵਿੱਚ ਭੂਮਿਕਾ ਨਿਭਾਉਂਣੀ ਅਤੇ ਸਾਂਗ ਕਰਵਾਉਣੇ।
- ਬੱਚਿਆਂ ਵਿੱਚ ਸਹੀ ਸਿਹਤਮੰਦ ਆਦਤਾਂ ਵਿਕਸਿਤ ਕਰਨੀਆਂ ਅਤੇ ਇਹਨਾਂ ਆਦਤਾਂ ਨੂੰ ਸਮੇਂ-ਸਮੇਂ ਤੇ ਦ੍ਰਿੜਾਉਣਾ।
- ਸਾਧਾਰਨ ਬਹਿਸਾਂ ਰਾਹੀਂ ਬਚਿਆਂ ਨਾਲ਼ ਉਹਨਾਂ ਦੇ ਤਜ਼ਰਬੇ ਸਾਂਝੇ ਕਰਨਾ।
- ਪ੍ਰਾਕਿਰਤੀ ਅਤੇ ਵਾਤਾਵਰਨ ਨਾਲ਼ ਜੁੜੀਆਂ ਖੇਡਾਂ ਕਰਵਾਉਣੀਆਂ।
- ਕਵਿਤਾ-ਗਾਣ ਅਤੇ ਗੀਤ ਗਾਣੇ ਆਯੋਜਿਤ ਕਰਵਾਉਣੇ।
- ਪਾਰਕਾਂ, ਫੁੱਲਾਂ ਦੇ ਬਾਗਾਂ, ਖੇਤਾਂ, ਅਜਾਇਬ ਘਰਾਂ ਦੀ ਸੈਰ ਕਰਵਾਉਣੀ।

## ਸ਼੍ਰੇਣੀ – ਪਹਿਲੀ

## 7. ਸਿਹਤ ਅਤੇ ਸਰੀਰਿਕ ਸਿੱਖਿਆ

**ਨੋਟ :**

(1) ਨਿਸ਼ਚਿਤ ਪਾਠ-ਕ੍ਰਮ ਨੂੰ ਅਧਿਆਪਕ ਆਪਣੀ ਸੂਝ ਅਤੇ ਕਲਪਨਾ ਨਾਲ਼ ਲਾਗੂ ਕਰੇ। ਕ੍ਰਿਆਵਾਂ ਅਤੇ ਖੇਡ ਸਮੱਗਰੀ ਦੇ ਨਾਲ਼-ਨਾਲ਼ ਬੱਚਿਆਂ ਦੀ ਰੁਚੀ ਤੇ ਉਤਸ਼ਾਹ ਨੂੰ ਧਿਆਨ ਵਿੱਚ ਰੱਖੇ।

(2) ਕਿਉਂਕਿ ਛੇ ਤੋਂ ਨੌ ਸਾਲ ਦੀ ਉਮਰ ਦੇ ਬੱਚਿਆਂ ਲਈ ਖੇਡ ਕ੍ਰਿਆਵਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੁੰਦਾ, ਇਸ ਲਈ ਪਹਿਲੀ ਤੋਂ ਤੀਜੀ ਸ਼ੇਣੀ ਤੱਕ ਦਾ ਪਾਠ-ਕ੍ਰਮ ਇਕੱਠਾ ਹੀ ਬਣਾਇਆ ਗਿਆ ਹੈ।

### ਪਹਿਲੀ ਤੋਂ ਤੀਜੀ ਸ਼੍ਰੇਣੀ

(1) **ਹਰਕਤਾਂ**

(ੳ) ਮੂਲ ਹਰਕਤਾਂ

| | |
|---|---|
| ਤੁਰਨਾ | ਛਾਲ ਮਾਰਨਾ ਜਾਂ ਕੁੱਦਣਾ ਝੁਕਣਾ |
| ਦੌੜਨਾ | ਧੱਕਣਾ, ਧਕੇਲਣਾ ਤਾੜੀ ਵਜਾਉਣਾ ਰੱਸੀ ਟੱਪਣਾ |
| ਝੂਲਣਾ | ਸਿੱਧੀ ਲੇਟਣੀ, ਪੁੱਠੀ ਲੇਟਣੀ |

(ਅ ) ਸ਼ੇਰ ਅਤੇ ਬਾਂਦਰ ਵਰਗੇ ਜਾਨਵਰਾਂ ਦੀ ਨਕਲ ਉਤਾਰਨਾ

(2) **ਖੇਡਾਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ**

| | | |
|---|---|---|
| ਟੱਪਾ ਪਾਉਣਾ | ਸੰਤੁਲਣ ਰੱਖਣਾ, ਕ੍ਰਿਕਟ ਬਾਲ ਜਾਂ ਹਾਕੀ ਬਾਲ ਨੂੰ ਸੁੱਟਣਾ ਅਤੇ ਬੋਚਣਾ | |
| ਕਿੱਕ ਮਾਰਨਾ | ਰੇੜ੍ਹ ਕੇ ਲੈ ਜਾਣਾ, | ਛਾਲ ਮਾਰਨਾ |
| ਚੜ੍ਹਨਾ | ਝਕਾਨੀ ਦੇਣਾ | ਭੱਜਣਾ ਦੌੜਨਾ |

(3) **ਛੋਟੀਆਂ ਖੇਡਾਂ**;

ਅਧਿਆਪਕ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਵਿਦਿਆਰਥੀ ਨੂੰ ਖੇਡਾਂ ਕਰਵਾ ਸਕਦਾ ਹੈ ।

# ਦੂਜੀ ਪੀੜ੍ਹੀ

## ਸ਼੍ਰੇਣੀ ਦੂਜੀ

## 1.ਪੰਜਾਬੀ (ਪਹਿਲੀ ਭਾਸ਼ਾ)

**ਉਦੇਸ਼ :**

1. **ਪੜ੍ਹਨਾ**

(ੳ) ਵਿਦਿਆਰਥੀ ਸੰਯੁਕਤ ਅੱਖਰਾਂ ਵਾਲ਼ੇ ਜਾਣੇ-ਪਛਾਣੇ ਸ਼ਬਦਾਂ ਨੂੰ ਪੜ੍ਹ ਸਕੇ।

(ਅ) ਪੂਰਨ-ਵਿਸਰਾਮ, ਕਾਮਾ, ਪ੍ਰਸ਼ਨਵਾਚਕ ਤੇ ਵਿਸਮਕ-ਚਿੰਨ੍ਹਾਂ ਅਨੁਸਾਰ ਬੋਲ ਕੇ ਪੜ੍ਹ ਸਕੇ।

(ੲ) ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਤੇ ਲੇਖ ਪੜ੍ਹ ਸਕੇ।

2. **ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ।

(ੲ) ਆਮ ਗੱਲ-ਬਾਤ, ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਚੁਟਕਲੇ ਆਦਿ ਸੁਣ ਕੇ ਸਮਝ ਸਕੇ।

(ਸ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਦੇਖੇ/ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪਾਠ -ਪੁਸਤਕਾਂ ਦੇ ਪਾਠ ਨੂੰ ਪੜ੍ਹ ਕੇ ਸਮਝ ਸਕੇ ਅਤੇ ਉਸ ਬਾਰੇ ਪੁੱਛੇ ਸਰਲ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ।

(ਅ) ਪੜ੍ਹਦੇ ਸਮੇਂ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

3. **ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਿਸੇ ਕਵਿਤਾ ਜਾਂ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।

(ਅ) ਪਾਠ-ਪੁਸਤਕਾਂ ਵਿਚਲੇ ਪੜ੍ਹੇ ਪਾਠਾਂ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

(ੲ) ਆਪਣੀ ਪਾਠ-ਪੁਸਤਕਾਂ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) **ਲਿਖਤੀ**

(ੳ) ਵਿਦਿਆਰਥੀ ਪਾਠ-ਅਭਿਆਸਾਂ ਵਿੱਚੋਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ੲ) 'ਸਮਝੋ ਤੇ ਲਿਖੋ' ਸਿਰਲੇਖ ਹੇਠ ਦਿੱਤੀਆਂ ਉਦਾਹਰਨਾਂ ਨੂੰ ਦੇਖ ਕੇ ਲਿੰਗ ਤੇ ਵਚਨ ਬਦਲ ਕੇ ਲਿਖ ਸਕੇ।

(ਸ) ਸਧਾਰਨ ਵਾਕਾਂ ਨੂੰ ਲਿਖ ਸਕੇ।

**ਨਿਯਤ ਪਾਠ-ਪੁਸਤਕਾਂ**

1. **ਪੰਜਾਬੀ ਪੁਸਤਕ-2**

**ਪ੍ਰਕਾਸ਼ਕ:- ਪੰਜਾਬ ਸਕੂਲ ਸਿੱਖਿਆ ਬੋਰਡ**

## कक्षा – 2
## 2 (प्रथम भाषा)

**मौखिक अभिव्यक्ति**

**विद्यार्थी :**

1 बात सुनकर उसको सही – सही आगे बताने के योग्य हो ;

2 वक्ता की आवाज़ के उतार – चढ़ाव से ही कथनों, प्रश्नों और विस्मय प्रकट करने वाले वाक्यों की पहचान कर सके;

3 आवाज़ के उतार – चढ़ाव से ही खुशी, आश्चर्य, क्रोध आदि भावों की अभिव्यक्ति करना :

4 आवाज़ के उचित – चढ़ाव और हाव – भाव से समूह – गान, कविता पाठ करना और कहानी कहना आदि में भाग ले सकने के योग्य हो सके ;

5 बोलते समय भाषा के प्रामाणिक रूप को अपनाने की ओर प्रेरित हो ।

**पढ़ाई :**

1 निर्धारित पाठ्य – क्रम में से साधारण वाक्यों को ऊँचा बोलकर, उसमें प्रयुक्त विराम – चिह्नों (बल, ठहराव आदि) को बोलकर महसूस करना;

2 ज़ोर से पढ़ते समय विराम – चिह्नों, अर्द्ध विराम, पूर्ण विराम आदि के प्रति सावधानी का प्रयोग;

3 वाक्यों को उचित और अर्थ पूर्ण शब्द – खण्डों में बाँटना

4 कहानियों, कथनों, वार्तालापों और कविताओं को समझ से पढ़ना;

5 जाने–पहचाने शब्दों के संयुक्त अक्षरों को साथ पढ़ना;

6 पहले सीखे हुए शब्दों के अलावा 200 से 250 तक नये शब्दों को ग्रहण करना। यह शब्दावली बच्चे के घर, पड़ोस और स्कूल में उन वस्तुओं, घटनाओं आदि के बारे में हो, जिनमें बच्चों की रूचि हो ।

**लिखाई :** विद्यार्थी में लिखने की योग्यता का विस्तार करना जिससे वह :

1 लिखते समय आँखों और हाथों की हरकतों में सांमजस्य पैदा कर सके ;

2 वर्णों के रूप, आकार, तिरछापन और एकसारता द्वारा लिखाई में सुधार कर सके;

3 पेन्सिल, कलम या स्लेटी से कॉपी , तख़्ती या स्लेट पर स्पष्ट लिखाई के योग्य हो;

4 छोटे और साधारण वाक्यों के श्रुतलेख और प्रतिलेखन के योग्य हो;

5 दिए हुए शब्दों को चुनकर रिक्त स्थानों की पूर्ति कर सके ।

**पाठ्य – पुस्तक : हिंदी पुस्तक –2 (पंजाब स्कूल शिक्षा बोर्ड द्वारा प्रकाशित )**

# ੩.ਉਰਦੂ

2

## Punjab School Education Board

S.A.S Nagar, Mohali

Syllabus of Urdu (Class 2nd)

---

نصابی کتاب:۔ابتدائی اردو(پہلی جماعت کے لیے اردو کی درسی کتاب)

شائع کردہ: N.C.E.R.T., DELHI

کل نمبر: 50

وقت: 2 گھنٹے

نوٹ:اس نصاب میں سبق نمبر ایک سے سبق نمبر 12 تک شامل ہوں گے اور تمام سوالات نصابی کتاب میں سے ہی پوچھے جائیں گے۔

| | |
|---|---|
| I۔ کسی عبارت یا الفاظ کو دیکھ کر کوشخط لکھنا۔ | 5 |
| II۔ تین یا چار حروف والے کوئی پانچ الفاظ کو حروف میں لکھنا۔ | 5 |
| III۔ تین یا عار حروف والے کوئی پانچ الفاظ لکھنا۔ | 10 |
| IV۔ ''الف'' اور ''ب'' کے تحت دیئے ہوئے لفظوں کو صحیح جوڑ کر مکمل کرنا۔ | 5 |
| V۔ اردو میں دس تک گنتی لکھنا۔ | 10 |
| VI۔ نقطوں کی مدد سے کوئی دس لفظ بنانا۔مثال درج ذیل ہے۔ (ماما، ماما، عادب، ماع) | 10 |
| VII۔ بریکٹ میں دیئے ہوئے صحیح حروف کی مدد سے لفظ مکمل کرنا۔مثلاً (خ.........(ت ط)، ن.........(ض ز ظ) | 5 |

## Class II
## 4. English

| Suggested Pedagogical Processes | Learning Outcomes |
|---|---|
| **The learner may be provided opportunities in pairs/groups/ individually and encouraged to:**<br>➢ sing/recite collectively, songs/poems/rhymes with action.<br>➢ listen to stories, and humorous incidents and interact in English/home language.<br>➢ ask simple questions, for example, on characters, places, the sequence of events in the story, etc.<br>➢ respond orally in home language/English/ sign language/non-verbal expressions.<br>➢ write 2-3 simple sentences about the given pictures.<br>➢ develop phonemic awareness through different sounds, emerging from the words in stories and texts e.g. ill-pill, a hot pot, a fat cat and related activities.<br>➢ speak and write English, talk to their peers in English, about festivals and events at homes and schools.<br>➢ enrich vocabulary in English mainly through phrases, short sentences and short stories.<br>➢ use appropriately pronouns related to gender such as I,you,my,his,her, 'he', 'she', , and demonstrative pronouns such as 'this', 'that', 'these', 'those'; and prepositions such as 'in', 'on' ,'under', etc.<br>➢ write 2-3 sentences describing common events using adjectives,<br>➢ Use prepositions and sight words. For example, This is Tom. He is a boy. He has a pup. | **The learner:**<br>• sings songs/rhymes with action.<br>• responds to comprehension questions related to stories and poems, in mother tongue/ English/ orally and in writing in the form of (phrases/ short sentences)<br>• identifies characters, and sequence of events in a story.<br>• Recalls and identifies the objects in the given picture<br>• writes a few words/short sentence in response to pictures.<br>• Listens to greetings and courtesies and responds in English like Good morning, Good afternoon , 'How are you?', 'I'm fine, thank you. 'etc.<br>• uses describing words related to size, colour like red, big etc<br>• uses pronouns related to gender like 'he/she' 'his / her/, 'it' and domonstrative pronouns like 'this/that', 'here/there' 'these/those' etc.<br>• uses prepositions like in , on, under etc.<br>• reads and write phrases and short sentences properly.<br>• composes and writes simple words properly.<br>• Writes the words, phrases / sentences spoken by the teacher. |

**Contents**

1. English Alphabet
2. Cursive Letters
3. Vowel Sound 'a'
4. Vowel Sound 'e'
5. Vowel Sound 'i'
6. Vowel Sound 'o'
7. Vowel Sound 'u'
8. In/On/Under
9. Use of a/an
10. Use of This/That/These/Those
11. Let's Read and Understand
12. My Computer
13. Going to a Zoo
14. A Pet hen
15. Holi

**Book prescribed by Punjab School Education Board**

**RAINBOW (English class-II)**

## ਸ਼੍ਰੇਣੀ – ਦੂਜੀ

## 5. ਗਣਿਤ

**ਸਮਾਂ: 3 ਘੰਟੇ**

**ਰੇਖਾ ਗਣਿਤ**

**ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਗਿਆਨ**

**3–D ਅਤੇ 2–D ਆਕ੍ਰਿਤੀਆਂ**

- ਵਾਤਾਵਰਣ ਵਿੱਚ ਦਿੱਤੀਆਂ ਵਸਤੂਆਂ ਦਾ ਨਿਰੀਖਣ ਕਰਨਾ ਅਤੇ ਉਹਨਾਂ ਦੇ ਜਿਮਾਇਤੀ ਵਿਸ਼ੇਸ਼ਤਾਵਾਂ ਲਈ ਗੁਣਾਤਮਕ ਅਨੁਭਵ ਪ੍ਰਾਪਤ ਕਰਨਾ।
- ਮੂਲ 3–D ਆਕ੍ਰਿਤੀਆਂ, ਜਿਵੇਂ ਕਿ ਘਣਾਵ, ਬੇਲਣ, ਕੋਨ, ਗੋਲੇ ਦੀ ਉਹਨਾਂ ਦੇ ਨਾਮ ਅਨੁਸਾਰ ਪਹਿਚਾਣ।
- 3–D ਵਸਤੂਆਂ ਦੀ 2–D ਬਾਹਰੀ ਰੇਖਾ ਅਨੁਸਾਰ ਨਿਸ਼ਾਨ ਲਗਾਉਣਾ।
- ਇਹਨਾਂ 2–D ਆਕ੍ਰਿਤੀਆਂ ਨੂੰ ਮਹਿਸੂਸ ਕਰਨਾ ਅਤੇ ਪਹਿਚਾਣਨਾ।
- 2D–ਆਕ੍ਰਿਤੀਆਂ ਜਿਵੇਂ ਆਇਤ, ਵਰਗ, ਤ੍ਰਿਭੁਜ, ਚੱਕਰ ਦੀ ਉਹਨਾਂ ਦੇ ਨਾਮ ਅਨੁਸਾਰ ਪਹਿਚਾਣ।
- ਇਹਨਾਂ 2–D ਆਕ੍ਰਿਤੀਆਂ ਦੇ ਗੁਣਾਂ ਦਾ ਅੰਤਰ ਗਿਆਨ ਦੁਆਰਾ ਵਰਣਨ।
- ਤਹਿ ਮਾਰ ਕੇ, ਵਸਤੂ ਦੇ ਸਿੱਧੇ ਕਿਨਾਰੇ ਦੁਆਰਾ, ਧਾਗੇ ਨੂੰ ਖਿੱਚ ਕੇ ਮੁਕਤ ਹੱਥ ਨਾਲ਼ ਅਤੇ ਫੁੱਟੇ ਨਾਲ਼ ਸਿੱਧੀ ਰੇਖਾ ਦੀ ਪਹਿਚਾਣ ਅਤੇ ਬਣਾਉਣਾ।
- ਸਿੱਧੀਆਂ, ਖੜੀਆਂ ਅਤੇ ਤਿਰਛੀਆਂ ਰੇਖਾਵਾਂ ਬਣਾਉਣੀਆਂ (ਮੁਕਤ ਹੱਥ ਨਾਲ਼)
- ਸਿੱਧੀ ਰੇਖਾ ਅਤੇ ਵਕਰ ਰੇਖਾ ਵਿੱਚ ਅੰਤਰ।
- ਵਸਤੂਆਂ ਦੀ ਉਹਨਾਂ ਦੇ ਪਰਿਛਾਵਿਆਂ ਨੂੰ ਮਹਿਸੂਸ ਕਰਨ ਉਪਰੰਤ ਪਹਿਚਾਣ।

**ਸੰਖਿਆਵਾਂ**

- 99 ਤੱਕ ਦੀਆਂ ਸੰਖਿਆਵਾਂ ਦੇ ਸੰਖਿਆਂ ਅੰਕਾਂ ਨੂੰ ਪੜ੍ਹਨਾ ਅਤੇ ਲਿਖਣਾ।
- ਕਿਸੇ ਸੰਖਿਆ ਨੂੰ ਸਥਾਨਕ ਮੁੱਲ ਦੇ ਅਨੁਸਾਰ ਵਿਸਤ੍ਰਿਤ ਕਰਨਾ।
- ਗਿਣਨਾ ਅਤੇ ਵਸਤੂਆਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਮੁੜ ਇੱਕਠਾ ਕਰਨਾ।
- ਸੰਖਿਆਵਾਂ ਦੀ ਤੁਲਨਾ ਵਿੱਚ ਸਥਾਨਕ ਮੁੱਲ ਦੀ ਧਾਰਣਾ ਦੀ ਵਰਤੋਂ।
- ਵੱਖ–ਵੱਖ ਤਰੀਕਿਆਂ ਨਾਲ਼ ਗਿਣਤੀ:–
    - ਕਿਸੇ ਵੀ ਸੰਖਿਆ ਤੋਂ ਸ਼ੁਰੂ ਕਰਕੇ।
    - ਸਮੂਹ ਗਿਣਤੀ ਆਦਿ।
- ਸੌ ਤੱਕ ਦੀਆਂ ਸੰਖਿਆਵਾਂ ਨੂੰ ਚੜ੍ਹਦੇ ਅਤੇ ਲਹਿੰਦੇ ਕ੍ਰਮ ਵਿੱਚ ਤਰਤੀਬ ਬੱਧ ਕਰਨਾ।
- ਦਿੱਤੇ ਅੰਕਾਂ ਨੂੰ ਦੁਹਰਾ ਕੇ ਅਤੇ ਬਿਨਾ ਦੁਹਰਾਏ, ਦੋ ਅੰਕਾਂ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਛੋਟੀ ਸੰਖਿਆ ਬਣਾਉਣਾ।
- ਕਿਸੇ ਵਸਤੂ ਦਾ ਇੱਕ ਰੇਖਾ 'ਤੇ ਸਥਾਨ ਮਹਿਸੂਸ ਅਤੇ ਦਰਜ ਕਰਨਾ।

**ਜੋੜ ਅਤੇ ਘਟਾਓ**

- ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਦਰਸਾ ਕੇ, ਮੁੜ ਸਮੂਹ ਬਣਾ ਕੇ ਅਤੇ ਬਿਨਾ ਮੁੜ ਸਮੂਹ ਬਣਾਏ ਜੋੜ ਘਟਾਓ।
- ਸੰਖਿਆ ਵਿੱਚ ਸਿਫ਼ਰ ਦਾ ਜੋੜ ਅਤੇ ਕਿਸੇ ਸੰਖਿਆ ਵਿੱਚੋਂ ਸਿਫ਼ਰ ਘਟਾਓ।
- ਨਮੂਨਿਆਂ ਦੁਆਰਾ ਜੋੜ ਦੇ ਕ੍ਰਮ–ਵਟਾਂਦਰਾਂ ਗੁਣ ਨੂੰ ਮਹਿਸੂਸ ਕਰਨਾ।
- ਚਿੱਤਰਾਂ ਦੁਆਰਾ ਅਤੇ ਜ਼ਬਾਨੀ ਵਿਆਖਿਆ ਦੁਆਰਾ ਦਰਸਾਈਆਂ ਜੋੜ ਅਤੇ ਘਟਾਓ ਸਮੱਸਿਆਵਾਂ ਹੱਲ ਕਰਨੀਆਂ।
- ਉਹਨਾਂ ਹਾਲਤਾਂ ਦੀ ਜ਼ਬਾਨੀ ਵਿਆਖਿਆ ਕਰਨੀ ਜਿਹੜੇ ਦਿੱਤੇ ਜੋੜ ਅਤੇ ਘਟਾਓ ਤੱਥ ਦੇ ਸੰਗਤ ਹੋਣ।

- ਜੋੜ ਅਤੇ ਘਟਾਓ ਦੇ ਨਤੀਜੇ ਦਾ ਅੰਦਾਜਾਂ ਲਗਾਉਣਾ ਅਤੇ ਹੋਰ ਦਿੱਤੀਆਂ ਸੰਖਿਆਵਾਂ ਦੇ ਨਤੀਜੇ ਨਾਲ਼ ਤੁਲਨਾ ਕਰਨਾ।

**ਗੁਣਾ ਅਤੇ ਭਾਗ ਦੀ ਤਿਆਰੀ**

- ਜੋੜ ਦੇ ਦੁਹਰਾਓ ਨਾਲ਼ ਸਬੰਧਿਤ ਹਾਲਤਾਂ ਅਤੇ ਬਰਾਬਰ ਵੰਡਣ ਨਾਲ਼ ਸਬੰਧਿਤ ਹਾਲਤਾਂ 'ਤੇ ਚਰਚਾ ਕਰਨਾ।
- ਬਰਾਬਰ ਸਮੂਹ ਬਣਾਉਣ ਦੀਆਂ ਕਿਰਿਆਵਾਂ।

**ਦਿਮਾਗੀ ਅੰਕ ਗਣਿਤ**

- ਇੱਕ ਅੰਕ ਵਾਲੀਆਂ ਸੰਖਿਆਵਾਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।
- ਦਸ ਦੇ ਗੁਣਜਾਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।

**ਧਨ**

- ਮੁਦਰਾ ਨੂੰ ਪਛਾਣਨਾ- ਨੋਟ ਅਤੇ ਸਿੱਕੇ।
- ਧਨ ਦੀ ਰਾਸ਼ੀ ਨੂੰ ਇੱਕਠੇ ਕਰਨਾ (ਧਨ 50 ਰੁ: ਤੋਂ ਵੱਧ ਨਹੀਂ ਹੋਣਾ ਚਾਹੀਦਾ)।
- ਧਨ ਦੀਆਂ ਛੋਟੀਆਂ ਰਾਸ਼ੀਆਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।
- 3-4 ਨੋਟਾਂ ਨੂੰ ਵਰਤ ਕੇ ਕਿਸੇ ਰਾਸ਼ੀ ਦਾ ਕਾਰਵਿਹਾਰ ਕਰਨਾ।

**ਮਾਪ: ਲੰਬਾਈ:**

- ਲੰਬੇ ਅਤੇ ਛੋਟੇ ਰਸਤਿਆਂ ਦੀ, ਇਕਸਮਾਨ (ਅਣ-ਮਿਆਰੀ) ਇਕਾਈਆਂ ਦੀ ਵਰਤੋਂ ਕਰਕੇ (ਲੰਬੀ ਲੰਬਾਈ ਤੱਕ ਵਧਾਇਆ ਜਾ ਸਕਦਾ ਹੈ) ਲੰਬਾਈ ਅਤੇ ਦੂਰੀ ਮਾਪਣਾ।

**ਭਾਰ**

- ਕਿਸੇ ਦੋ ਵਸਤੂਆਂ ਦੀ ਉਹਨਾਂ ਦੇ ਭਾਰ ਦੇ ਅਨੁਸਾਰ ਤੁਲਨਾ ਕਰਨਾ।
- ਸਧਾਰਣ ਤੱਕੜੀ ਦੀ ਜ਼ਰੂਰਤ ਦਾ ਮਹੱਤਵ।
- ਤੱਕੜੀ ਦੀ ਵਰਤੋਂ ਕਰਕੇ ਦਿੱਤੀਆਂ ਵਸਤੂਆਂ ਦੇ ਭਾਰ ਦੀ ਤੁਲਨਾ।

**ਸਮੱਰਥਾ (ਆਇਤਨ)**

- ਬਰਤਨਾਂ ਦਾ ਉਹਨਾਂ ਦੀ ਅੰਦਰੂਨੀ ਸਮੱਰਥਾ (ਆਇਤਨ) ਅਨੁਸਾਰ ਤੁਲਨਾ ਅਤੇ ਕ੍ਰਮ।
- ਦਿੱਤੇ ਬਰਤਨਾਂ ਦਾ ਉਹਨਾਂ ਦੀ ਧਾਰਨ ਸਮੱਰਥਾ ਅਨੁਸਾਰ।

**ਸਮਾਂ**

- ਹਫਤੇ ਦੇ ਦਿਨਾਂ ਅਤੇ ਸਾਲ ਦੇ ਮਹੀਨਿਆਂ ਬਾਰੇ ਜਾਣੂੰ ਹੋਣਾ।
- ਮੌਸਮ ਦੇ ਕ੍ਰਮ (ਸਥਾਨਕ ਤਬਦੀਲੀ) ਬਾਰੇ ਜਾਣਨਾ।
- ਲੰਬੀ ਅਵਧੀ ਦੀ ਘਟਨਾ ਵਾਪਰਨ ਨੂੰ ਤਰਤੀਬ (ਕ੍ਰਮ) ਦੇਣਾ।

**ਅੰਕੜੇ ਬਣਾਉਣਾ**

- ਮਾਪ ਦੁਆਰਾ ਅੰਕੜੇ ਇੱਕਠੇ ਕਰਨਾ।
- ਵਿਚਾਰ-ਵਟਾਦਰਾਂ (ਉਦਾਹਰਣ ਲਈ, ਬੱਚਿਆ ਦੀ ਉਚਾਈ) ਤੋਂ ਪ੍ਰਾਪਤ ਅੰਕੜਿਆਂ ਨੂੰ ਦਰਸਾਉਣਾ।
- ਜਨਮ ਤਾਰੀਖਾਂ ਉੱਪਰ ਅੰਕੜਿਆਂ ਨੂੰ ਇੱਕਠਾ ਕਰਨਾ ਅਤੇ ਪੇਸ਼ ਕਰਨਾ।
- ਉਚਿਤ ਪੱਧਰ ਤੇ ਅੰਕੜਿਆਂ ਤੋਂ ਪਰਿਣਾਮ ਕੱਢਣਾ।

**ਪੈਟਰਨ (ਨਮੂਨੇ)**

- ਆਕ੍ਰਿਤੀਆਂ ਅਤੇ ਸੰਖਿਆਵਾਂ ਦੇ ਕ੍ਰਮ ਵਿੱਚ ਪੈਟਰਨ (ਨਮੂਨੇ) ਨੂੰ ਮਹਿਸੂਸ ਕਰਨਾ ਅਤੇ ਅੱਗੇ ਵਧਾਉਣਾ।
- ਇੱਕ ਸੰਖਿਆ ਨੂੰ ਵੱਖ-ਵੱਖ ਤਰੀਕਿਆਂ ਨਾਲ਼ ਤੋੜਨ ਦੇ ਪੈਟਰਨ (ਨਮੂਨੇ) ਦੀ ਭਾਲ ਕਰਨਾ।
- ਅਗੂੰਠੇ ਦੀ ਛਾਪ, ਪੱਤੇ ਨੂੰ ਛਾਪ ਮੇ, ਸਬਜੀ ਨੂੰ ਛਾਪਕੇ ਆਦਿ ਤੋਂ ਛਪਾਈ ਪੈਟਰਨ (ਨਮੂਨੇ) ਤਿਆਰ ਕਰਨਾ।
- ਸਮ ਆਕ੍ਰਿਤੀਆਂ ਨੂੰ ਛਾਪ ਕੇ ਪੈਟਰਨ (ਨਮੂਨੇ) ਤਿਆਰ ਕਰਨਾ।

## ਸ਼੍ਰੇਣੀ : ਦੂਜੀ

## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ❖ ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ❖ ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ❖ ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ❖ ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ❖ ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ❖ ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ❖ ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ❖ ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

**ਵਿਸ਼ਾ -ਵਸਤੂ : ਪਹਿਲੀ ਅਤੇ ਦੂਜੀ ਸ਼੍ਰੇਣੀ**

ਪਹਿਲੀ ਅਤੇ ਦੂਜੀ ਸ਼੍ਰੇਣੀਆਂ ਵਿੱਚ ਅਧਿਆਪਕ ਦੁਆਰਾ ਬੱਚੇ ਦੇ ਕਰੀਬੀ ਆਲੇ ਦੁਆਲੇ ਵਿੱਚੋਂ ਹੀ ਪਾਠਕ੍ਰਮ ਦੀ ਰਚਨਾ ਕੀਤੀ ਜਾਣੀ ਹੈ। ਇਹਨਾਂ ਸ਼੍ਰੇਣੀਆਂ ਦਾ ਪਾਠ ਕ੍ਰਮ, ਭਾਸ਼ਾ, ਗਣਿਤ ਅਤੇ ਆਰਟ ਅਤੇ ਹੈਲਦੀ ਐਂਡ ਪ੍ਰੋਡਕਟਿਵ ਲਿਵਿੰਗ ਰਾਹੀਂ ਹੀ ਪੜ੍ਹਾਇਆ ਜਾਵੇਗਾ।

**(ੳ) ਬੱਚੇ ਦਾ ਵਾਤਾਵਰਨ**

- ❖ ਬੱਚੇ ਦਾ ਕਰੀਬੀ ਵਾਤਾਵਰਨ (ਪਰਿਵਾਰ ਅਤੇ ਘਰ, ਸਕੂਲ ਅਤੇ ਦੋਸਤ, ਜਾਨਵਰ, ਪੌਦੇ ਅਤੇ ਵਸਤਾਂ)
- ❖ ਸਥਾਨਕ ਵਾਤਾਵਰਨ ਵਿਚਲੇ ਆਮ ਜਾਨਵਰ, ਪੰਛੀ ਅਤੇ ਪੌਦੇ ।
- ❖ ਸਥਾਨਕ ਖੇਤਰ ਦੇ ਭੌਤਿਕੀ ਲੱਛਣ ਜਿਵੇਂ ਬਨਸਪਤੀ, ਜੀਵ-ਜੰਤੂ, ਭੌਂ-ਦ੍ਰਿਸ਼।

**(ਅ) ਵਾਤਾਵਰਨ ਅਤੇ ਬੱਚੇ ਦੀਆਂ ਲੋੜਾਂ**

- ❖ ਭੋਜਨ, ਪਾਣੀ, ਰਿਹਾਇਸ਼, ਖੇਡਣ ਅਤੇ ਮੌਜ ਮਸਤੀ ਦੀ ਲੋੜ ।
- ❖ ਦੁਰਘਟਨਾਵਾਂ, ਤਿੱਖੀਆਂ ਵਸਤਾਂ ਅਤੇ ਅੱਗ ਤੋਂ ਬਚਾਉ ।

**(ੲ) ਸਫਾਈ ਅਤੇ ਵਾਤਾਵਰਨ ਦੀ ਸੰਭਾਲ**

- ❖ ਨਿਜੀ ਸਫਾਈ ਅਤੇ ਚੰਗੀਆਂ ਆਦਤਾਂ।
- ❖ ਨਿਜੀ ਚੀਜਾਂ ਨੂੰ ਸਾਫ਼-ਸੁਥਰਾ ਰੱਖਣਾ।
- ❖ ਆਲੇ - ਦਆਲੇ ਨੂੰ ਸਾਫ਼ ਰੱਖਣਾ ( ਘਰ, ਖੇਡ ਦਾ ਮੈਦਾਨ, ਕਲਾਸ ਅਤੇ ਸਕੂਲ )
- ❖ ਪੌਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨੀ।

**ਉਦਾਹਰਣ ਕਿਰਿਆਵਾਂ :**

ਹੇਠਾਂ ਦਿੱਤੀਆਂ ਕਿਰਿਆਵਾਂ ਸੁਝਾਈਆਂ ਜਾ ਰਹੀਆਂ ਹਨ । ਅਧਿਆਪਕ ਆਪਣੇ ਆਪ, ਆਪਣੇ ਆਲੇ-ਦੁਆਲੇ ਅਤੇ ਬੱਚਿਆਂ ਦੀ ਰੁੱਚੀ ਦੇ ਪੱਧਰ ਅਨੁਸਾਰ ਕਿਰਿਆਵਾਂ ਵਿਉਂਤ ਤੇ ਸਿਰਜ ਸਕਦੇ ਹਨ।

- ❖ ਪ੍ਰਾਕਿਰਤੀ ਦੀ ਸੁੰਦਰਤਾ, ਸਮਤਾ, ਇਕਸੁਰਤਾ ਅਤੇ ਵੰਨਸੁਵਨਤਾ ਨੂੰ ਨਿਹਾਰਨ ਦੇ ਅਵਸਰ ਪ੍ਰਦਾਨ ਕਰਨਾ।
- ❖ ਬੱਚਿਆਂ ਨੂੰ ਪੋਦਿਆਂ, ਜਾਨਵਰਾਂ, ਵਸਤਾਂ, ਦ੍ਰਿਸ਼ਾ, ਪ੍ਰਸਥਿਤੀਆਂ, ਘਟਨਾਵਾਂ, ਵਾਰਦਾਤਾ ਨੂੰ ਗਹੂ ਨਾਲ਼ ਦੇਖਣ ਲਈ ਪ੍ਰੇਰਿਤ ਕਰਨਾ ।
- ❖ ਪ੍ਰਾਕਿਰਤੀ ਨੂੰ ਨਿਹਾਰਨਾ।

- ਰੋਜ਼ਾਨਾ ਜਿੰਦਗੀ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਕਹਾਣੀਆਂ ਬਿਆਨ ਕਰਨੀਆਂ ।
- ਚਾਰਟਾਂ, ਤਸਵੀਰਾਂ, ਅੜਾਊਣੀਆਂ (PUZZLE) ਅਤੇ ਕੱਟ- ਆਉਣ ਦੀ ਵਰਤੋਂ ਕਰਨ ਲਈ ਪ੍ਰੋਤਸਾਹਿਤ ਕਰਨਾ।
- ਪੋਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨ ਲਈ ਕਹਿਣਾ।
- ਕਲੇਅ ਮਾਡਲਿੰਗ, ਪੇਪਰ ਕਟਿੰਗ ਅਤੇ ਫੋਲਡਿੰਗ ਵਰਗੀਆਂ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ।
- ਬੱਚਿਆਂ ਦੀ ਆਪਣੀ ਸੰਭਾਲ ਕਰਨ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਵਿੱਚ ਸਹਾਇਤਾ ਕਰਨਾ।
- ਡਰਾਮੇ ਅਯੋਜਿਤ ਕਰਾਉਣੇ ਅਤੇ ਉਹਨਾਂ ਵਿੱਚ ਭੂਮਿਕਾ ਨਿਭਾਉਣੀ ਅਤੇ ਸਾਂਗ ਕਰਵਾਉਂਣੇ।
- ਬੱਚਿਆਂ ਵਿੱਚ ਸਹੀ ਸਿਹਤਮੰਦ ਆਦਤਾਂ ਵਿਕਸਿਤ ਕਰਨੀਆਂ ਅਤੇ ਇਹਨਾਂ ਆਦਤਾਂ ਨੂੰ ਸਮੇਂ-ਸਮੇਂ ਤੇ ਦ੍ਰਿੜਾਉਣਾ।
- ਸਾਧਾਰਨ ਬਹਿਸ ਰਾਹੀਂ ਬਚਿਆਂ ਨਾਲ਼ ਉਹਨਾਂ ਦੇ ਤਜ਼ਰਬੇ ਸਾਂਝੇ ਕਰਨਾ।
- ਪ੍ਰਾਕਿਰਤੀ ਅਤੇ ਵਾਤਾਵਰਨ ਨਾਲ਼ ਜੁੜੀਆ ਖੇਡਾਂ ਕਰਵਾਉਣੀਆਂ।
- ਕਵਿਤਾ-ਗਾਣ ਅਤੇ ਗੀਤ ਗਾਣੇ ਆਯੋਜਿਤ ਕਰਵਾਉਣੇ।
- ਪਾਰਕਾਂ, ਫੁੱਲਾਂ ਦੇ ਬਾਗਾਂ, ਖੇਤਾਂ, ਅਜਾਇਬ ਘਰਾਂ ਦੀ ਸੈਰ ਕਰਵਾਉਣੀ।

## ਸ਼੍ਰੇਣੀ-ਦੂਜੀ

## 7. ਸਿਹਤ ਅਤੇ ਸਰੀਰਿਕ ਸਿੱਖਿਆ

**ਨੋਟ :**

(1) ਨਿਸ਼ਚਿਤ ਪਾਠ-ਕ੍ਰਮ ਨੂੰ ਅਧਿਆਪਕ ਆਪਣੀ ਸੂਝ ਅਤੇ ਕਲਪਨਾ ਨਾਲ਼ ਲਾਗੂ ਕਰੇ। ਕ੍ਰਿਆਵਾਂ ਅਤੇ ਖੇਡ ਸਮੱਗਰੀ ਦੇ ਨਾਲ਼-ਨਾਲ਼ ਬੱਚਿਆਂ ਦੀ ਰੁਚੀ ਤੇ ਉਤਸ਼ਾਹ ਨੂੰ ਧਿਆਨ ਵਿੱਚ ਰੱਖੇ।

(2) ਕਿਉਂਕਿ ਛੇ ਤੋਂ ਨੌ ਸਾਲ ਦੀ ਉਮਰ ਦੇ ਬੱਚਿਆਂ ਲਈ ਖੇਡ ਕ੍ਰਿਆਵਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੁੰਦਾ, ਇਸ ਲਈ ਪਹਿਲੀ ਤੋਂ ਤੀਜੀ ਸ਼੍ਰੇਣੀ ਤੱਕ ਦਾ ਪਾਠ-ਕ੍ਰਮ ਇਕੱਠਾ ਹੀ ਬਣਾਇਆ ਗਿਆ ਹੈ।

### ਪਹਿਲੀ ਤੋਂ ਤੀਜੀ ਸ਼੍ਰੇਣੀ

**(1) ਹਰਕਤਾਂ**

(ੳ) ਮੂਲ ਹਰਕਤਾਂ

| | |
|---|---|
| ਤੁਰਨਾ | ਛਾਲ ਮਾਰਨਾ ਜਾਂ ਕੁੱਦਣਾ,ਝੁਕਣਾ |
| ਦੌੜਨਾ | ਧੱਕਣਾ, ਧਕੇਲਣਾ,ਤਾੜੀ ਵਜਾਉਣਾ, ਰੱਸੀ ਟੱਪਣਾ |
| ਝੂਲਣਾ | ਸਿੱਧੀ ਲੇਟਣੀ, ਪੁੱਠੀ ਲੇਟਣੀ |

(ਅ ) ਸ਼ੇਰ ਅਤੇ ਬਾਂਦਰ ਵਰਗੇ ਜਾਨਵਰਾਂ ਦੀ ਨਕਲ ਉਤਾਰਨਾ

**(2) ਖੇਡਾਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ**

ਟੱਪਾ ਪਾਉਣਾ ਸੰਤੁਲਨ ਰੱਖਣਾ, ਕ੍ਰਿਕਟ ਬਾਲ ਜਾਂ ਹਾਕੀ ਬਾਲ ਨੂੰ ਸੁੱਟਣਾ ਅਤੇ ਬੋਚਣਾ

| | | |
|---|---|---|
| ਕਿੱਕ ਮਾਰਨਾ | ਰੇੜ੍ਹ ਕੇ ਲੈ ਜਾਣਾ, | ਛਾਲ ਮਾਰਨਾ |
| ਚੜ੍ਹਨਾ | ਝਕਾਨੀ ਦੇਣਾ | ਭੱਜਣਾ ਦੌੜਨਾ |

**(3) ਛੋਟੀਆਂ ਖੇਡਾਂ;**

ਅਧਿਆਪਕ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਵਿਦਿਆਰਥੀ ਨੂੰ ਖੇਡਾਂ ਕਰਵਾ ਸਕਦਾ ਹੈ।

# ਤੀਜੀ ਸ੍ਰੇਣੀ

## ਸ਼੍ਰੇਣੀ ਤੀਜੀ

## 1. ਪੰਜਾਬੀ (ਪਹਿਲੀ ਭਾਸ਼ਾ)

1. **ਪੜ੍ਹਨਾ**

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਤੇ ਨਿੱਕੀਆਂ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਪੜ੍ਹ ਸਕੇ।

(ਅ) ਢੁਕਵੇਂ ਉਚਾਰਨ, ਠਹਿਰਾਅ, ਦਬਾਅ ਅਤੇ ਤਾਨ ਨਾਲ਼ ਪਾਠ-ਪੁਸਤਕਾਂ ਵਿਚਲੇ ਰਚਨਾ-ਅੰਸ਼ਾਂ ਨੂੰ ਉੱਚੀ ਬੋਲ ਕੇ ਪੜ੍ਹ ਸਕੇ।

(ੲ) ਚੁੱਪ-ਚਾਪ ਮੂੰਹ ਵਿੱਚ ਹੀ ਲੁੜੀਂਦੀ ਗਤੀ ਨਾਲ਼ ਪੜ੍ਹ ਸਕੇ।

(ਸ) ਸਾਫ਼-ਸਾਫ਼ ਲਿਖੀ ਹੋਈ ਸਰਲ ਹੱਥ-ਲਿਖਤ ਪੜ੍ਹ ਸਕੇ।

2. **ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਸੰਥਿਆ ਨੂੰ ਸਮਝ ਸਕੇ।

(ੲ) ਸ਼੍ਰੇਣੀ ਜਾਂ ਸਕੂਲ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਸੁਣ ਕੇ ਸਮਝ ਸਕੇ।

(ਸ) ਖ਼ਾਸ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ।

(ਹ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਵੇਖੇ, ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) **ਪੜ੍ਹ ਕੇ**

(ੳ) ਵਿਦਿਆਰਥੀ ਆਪਣੀ ਪਾਠ-ਪੁਸਤਕ ਵਿਚਲੀ ਕਹਾਣੀ ਨੂੰ ਪੜ੍ਹ ਕੇ ਉਹਨਾਂ ਵਿਚਲੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਆਪਣੀ ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਵਿਚਲੇ ਭਾਵਾਂ ਨੂੰ ਗ੍ਰਹਿਣ ਕਰ ਸਕੇ ।

(ੲ) ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਸੰਬੰਧੀ ਪੁੱਛੇ ਗਏ ਸਧਾਰਨ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ਸ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ ।

3. **ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) **ਲਿਖਤੀ**

(ੳ) ਵਿਦਿਆਰਗੀ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ੲ) ਕਿਸੇ ਦੂਜੇ ਦੁਆਰਾ ਬੋਲੇ ਗਏ ਸਰਲ ਸ਼ਬਦਾਂ ਅਤੇ ਵਾਕਾਂ ਨੂੰ ਸੁਣ ਕੇ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ।

(ਸ) ਲਿਖਣ ਵੇਲ਼ੇ ਪੂਰਨ ਵਿਸਰਾਮ-ਚਿੰਨ੍ਹ, ਕਾਮਾ, ਪ੍ਰਸ਼ਨਵਾਚਕ-ਚਿੰਨ੍ਹ, ਵਿਸਮਕ-ਚਿੰਨ੍ਹ ਅਤੇ ਪੁੱਠੇ-ਸਿੱਧੇ ਕਾਮਿਆਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।

(ਹ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਆਪਣੀ ਮਨਪਸੰਦ ਕਵਿਤਾ ਦੀਆਂ ਤੁਕਾਂ ਨੂੰ ਸੋਹਣੀ ਲਿਖਾਈ ਵਿੱਚ ਲਿਖ ਸਕੇ ।

(ਕ) ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸ਼ਬਦਾਂ ਦੇ ਵਿਰੋਧਾਰਥਕ, ਸਮਾਨਾਰਥਕ ਸ਼ਬਦ ਲਿਖ ਸਕੇ ਅਤੇ ਲਿੰਗ ਬਦਲਣ, ਬਹੁਵਚਨ ਬਣਾਉਣ ਬਾਰੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

**4. ਲਿਖਤ ਰਚਨਾ**

ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਬਾਰੇ 8-10 ਵਾਕ ਲਿਖ ਸਕੇ।

ਮੇਰਾ ਘਰ, ਮੇਰਾ ਅਧਿਆਪਕ, ਮੇਰਾ ਸਕੂਲ, ਮੇਰਾ ਮਿੱਤਰ, ਮੇਰਾ ਬਸਤਾ ਆਦਿ।

**ਨਿਯਤ ਪਾਠ-ਪੁਸਤਕਾਂ**

1. **ਪੰਜਾਬੀ ਪੁਸਤਕ**-3

**ਪ੍ਰਕਾਸ਼ਕः- ਪੰਜਾਬ ਸਕੂਲ ਸਿੱਖਿਆ ਬੋਰਡ**

कक्षा : 3

## 2. हिंदी (प्रथम भाषा)

**मौखिक अभिव्यक्ति :**

**विद्यार्थी :**

1 अपने साथियों या बड़ों से बातचीत करते समय शिष्ट शब्दावली का प्रयोग करे;

2 याद की हुई कहानी या कविता को प्रभावशाली ढंग से सुना सके;

3 सुनी या पढ़ी हुई कहानियों में से कम से कम पाँच कहानियाँ अपने शब्दों में ठीक तरह से सुना सके ।

4 निजी अनुभवों को कहानी के रूप में सुना सके;

5 आँखों देखी घटनाओं का वर्णन कर सके;

6 साधारण और स्पष्ट भाषा में नित्य–प्रति के कामों के बारे में बता सके;

7 उचित ठहराव और हाव–भाव प्रकट करने वाले बोली के ढंगों, विराम–चिह्नों आदि का प्रयोग करते हुए बोली के मानक रूप का प्रयोग कर सके ।

**पढ़ाई :**

1 उचित उच्चारण, ठहराव और बल आदि के साथ पाठ्य – पुस्तक के अनुच्छेदों को ऊँचा बोलकर पढ़ सके;

2 चुपचाप मुँह में पढ़ सके;

3 एक या दो पूरक –रीडर पढ़ने के योग्य हो सके;

4 200 से 250 तक नए शब्द सीख सके ।

**लिखाई :** विद्यार्थी में निम्नलिखित योग्यताओं का विस्तार करना :

1 साधारण शब्दों और वाक्यों को पाठ्य– पुस्तक में से चुनकर लिखना;

2 परिचित वाक्यों में खाली स्थानों की पूर्ति करना;

3 नए शब्दों का वाक्यों में प्रयोग करना ;

4 दैनिक जीवन में घटित घटनाओं को साधारण वाक्यों में लिखना;

5 मेरा घर, मेरा अध्यापक, मेरा मित्र, मेरा स्कूल आदि से सम्बन्धित विषयों के प्रति रूचि बढ़ाना और उन्हें छोटे–छोटे कमबद्ध वाक्यों में लिखना ।

**पाठ्य – पुस्तक : हिंदी पुस्तक – 3**

**(पंजाब स्कूल शिक्षा बोर्ड द्वारा प्रकाशित )**

## 3. ਉਰਦੂ

3

Punjab School Education Board

S.A.S Nagar, Mohali

Syllabus of Urdu (Class 3rd)

---

نصابی کتاب:۔ابتدائی اردو (پہلی جماعت کے لیے اردو کی درسی کتاب)

شائع کردہ: N.C.E.R.T., DELHI

کل نمبر: 50 — وقت: 2 گھنٹے

نوٹ: اس نصاب میں سبق نمبر 13 سے سبق نمبر 27 تک شامل ہوں گے۔

| | | |
|---|---|---|
| I | کتاب میں سے دی گئی عبارت یا پیراگراف کو خوشخط لکھنا۔ | 5 |
| II | ''الف'' اور ''ب'' کے تحت دیئے گئے لفظوں کا صحیح جوڑ ملانا۔ | 5 |
| III | بریکٹ میں دیئے گئے صحیح حرف کی مدد سے لفظ مکمل کرنا۔ | 5 |
| IV | تین یا چار حروف کو ملا کر لفظ بنانا۔ | 5 |
| V | تین یا چار حروف والے لفظوں کے حروف کو الگ الگ لکھنا۔ | 5 |
| VI | پانچ جانوروں یا پرندوں یا پھلوں کے نام لکھنا۔ | 5 |
| VII | اردو میں 20 تک گنتی لکھنا۔ | 10 |
| VIII | جسم کے پانچ حصّوں کے نام لکھنا۔ | 5 |
| IX | پانچ رنگوں کے نام لکھنا۔ | 5 |

## Class III
## 4. English

| Suggested Pedagogical Processes | Learning Outcomes |
|---|---|
| **The learner may be provided opportunities pair/group/ individually and encouraged to:**<br>➢ sing songs/ recite poems in English with intonation.<br>➢ participate in role-play.<br>➢ reads aloud short texts with proper pause.<br>➢ listen to instructions, commands and respond accordingly.<br>➢ read books to develop reading habits and to encourage independent reading in English.<br>➢ read posters, sign boards, labels, etc.<br>➢ take dictation of words / phrases / sentences from known and unknown texts.<br>➢ draw and write short sentences related to stories.<br>➢ frame sentences from the words given in the form of grid to develop a sense of sentence structure.<br>➢ enrich vocabulary in English through listening to and reading stories and poems.<br>➢ use new vocabulary correctly while speaking and composing short texts.<br>➢ use nouns, pronouns, adjectives and prepositions in speech and writing.<br>➢ understand terms such as 'add', 'skip, time, money, age etc., that they come across in Maths, and words such as 'oxygen', plants, seeds, seasons in EVS.<br>➢ identify opposites used in communication, for example 'tall/ short', 'inside/outside', 'fat/thin' etc. | **The learner:**<br>• recites poems individually/ in groups with proper gestures and intonation.<br>• Expresses himself/herself during activities, role play or enactment of stories.<br>• reads aloud the given text with appropriate pronunciation and pause.<br>• comprehends small texts and able to answer the questions based on it.<br>• Expresses his/her opinion/ understanding about the story and characters in the story, in English/ home language.<br>• responds appropriately to oral messages and conversation.<br>• writes dictation of words / phrases / sentences.<br>• uses meaningful short sentences in English, orally and in writing, uses a variety of nouns, pronouns,verbs adjectives and prepositions in context as compared to previous class.<br>• identifies opposites like 'day/night', 'sweet/sour', and such others.<br>• uses punctuation such as question mark, full stop and capital letters appropriately.<br>• reads print scripts on the classroom walls/ charts etc.<br>• writes sentences in English using visual clues.<br>• uses vocabulary related to Maths like number names, EVS like plants, oxygen, seeds etc., relevant to class III. |

**Contents**

1. Me and My Family
2. A Visit to A Park
3. Trees
4. The Clock- My Friend
5. A Bear and A Rabbit
6. Lazy Param
7. The Swing
8. Going to Market

**Book prescribed by Punjab School Education Board**

**RAINBOW (English class-III)**

## ਸ਼੍ਰੇਣੀ ਤੀਜੀ
## 5. ਗਣਿਤ

**ਸਮਾਂ: 3 ਘੰਟੇ**

**ਰੇਖਾ ਗਣਿਤ**

**(ਆਕ੍ਰਿਤੀਆਂ ਅਤੇ ਇਹਨਾਂ ਦਾ ਵਿੱਥਮਈ ਗਿਆਨ)**

- o ਕਾਗਜ ਨੂੰ ਕੱਟ ਕੇ, ਮੋੜ ਕੇ, ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- o 2 ਪਸਾਰੀ ਆਕ੍ਰਿਤੀਆਂ ਦੀ ਪਹਿਚਾਣ।
- o ਵੱਖ-ਵੱਖ 2-ਪਸਾਰੀ ਆਕ੍ਰਿਤੀਆਂ ਦੀਆਂ ਭੁਜਾਵਾਂ, ਕਿਨਾਰੇ ਅਤੇ ਵਿਕਰਣ ਦਾ ਗਿਣਤੀ ਦੁਆਰਾ ਵਰਨਣ।
- o ਬਿੰਦੂ-ਜੰਗਲੇ (Dot grid) ਦੀ ਸਹਇਤਾ ਨਾਲ਼, ਸਿੱਧੀ ਰੇਖਾ , ਵਕਰ ਰੇਖਾ ਦੁਆਰਾ ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- o ਚੀਨੀ ਅੜਾਉਨੀ (Tangram) ਟੁੱਕੜੀਆਂ ਰਾਹੀਂ ਵੱਖ-ਵੱਖ ਆਕ੍ਰਿਤੀਆਂ ਬਨਾਉਣਾ।
- o ਦੋ 2-ਪਸਾਰੀ ਆਕ੍ਰਿਤੀਆਂ ਦਾ ਉਨ੍ਹਾਂ ਦੀਆਂ ਭੁਜਾਵਾਂ ਅਤੇ ਕੋਨਿਆਂ ਦੇ ਅਧਿਐਨ ਰਾਹੀਂ ਵਿਸ਼ੇਸਤਾਵਾਂ ਦਾ ਮਿਲਾਣ ਕਰਨਾ।
- o ਦਿੱਤੇ ਹੋਏ ਖੇਤਰ ਵਿੱਚ ਖਾਸ ਕਿਸਮ ਦੀਆਂ ਟਾਈਲਾਂ ਦੁਆਰਾ ਟਾਈਲਾਂ ਲਗਾਉਣਾ ।
- o ਵੱਖ-ਵੱਖ ਆਕ੍ਰਿਤੀਆਂ ਦਾ ਟਾਈਲਾਂ ਅਤੇ ਬਿਨਾਂ ਟਾਈਲਾਂ ਦੇ ਖੇਤਰਫਲਾਂ ਅਨੁਸਾਰ ਵਰਗੀਕਰਣ ਕਰਨਾ।
- o ਨਕਸ਼ੇ ਦਾ ਅੰਤਰ -ਗਿਆਨ, ਸਧਾਰਨ ਨਕਸ਼ੇ ਨੂੰ ਪੜ੍ਹਨਾ।
- o ਤਿੰਨ-ਪਸਾਰੀ ਆਕ੍ਰਿਤੀਆਂ ਬਣਾਉਣੀਆਂ।

**ਸੰਖਿਆਵਾਂ(1000 ਤੱਕ ਸੰਖਿਆ ਪ੍ਰਣਾਲੀ )**

ਤਿੰਨ ਅੰਕਾਂ ਵਾਲੀ ਸੰਖਿਆ ਨੂੰ ਪੜ੍ਹਨਾ ਅਤੇ ਲਿਖਣਾ , ਸੰਖਿਆਂ ਦਾ ਸਥਾਨਕ ਮੁੱਲ ਅਨੁਸਾਰ ਵਿਸਥਾਰ ਕਰਨਾ, ਕਿਸੇ ਵੀ ਸੰਖਿਆ ਤੋਂ ਸ਼ੁਰੂ ਕਰਕੇ ਵੱਖ-ਵੱਖ ਤਰੀਕੇ ਰਾਹੀਂ ਗਿਣਤੀ ਕਰਨਾ। ਸੰਖਿਆਵਾਂ ਦੀ ਤੁਲਨਾ ਕਰਨਾ। ਦਿੱਤੇ ਅੰਕਾਂ ਤੋਂ ਵੱਡੀ-ਤੋਂ -ਵੱਡੀ ਸੰਖਿਆ ਅਤੇ ਛੋਟੀ ਤੋਂ ਛੋਟੀ ਸੰਖਿਆ ਪ੍ਰਾਪਤ ਕਰਨਾ।

**ਜੋੜ ਅਤੇ ਘਟਾਓ**

- o ਦੋ ਸੰਖਿਆਵਾਂ ਨੂੰ ਸਮੂਹੀਕਰਣ ਕਰਕੇ ਅਤੇ ਬਿਨਾਂ ਸਮੂਹੀਕਰਨ ਕੀਤੇ, ਜੋੜ ਅਤੇ ਘਟਾਓ ਲੰਬਾਤਮਕ ਰੂਪ ਵਿੱਚ ਕਰਨਾ।
- o ਸਥਾਨਕ ਮੁੱਲ ਦੀ ਵਰਤੋਂ ਕਰਦੇ ਹੋਏ ਹਾਸਲ ਸਮੇਤ ਜੋੜ ਅਤੇ ਘਟਾਓ ਕਰਨਾ।
- o ਚਿੱਤਰ ਅਤੇ ਕਹਾਣੀ ਰਾਹੀਂ ਜੋੜ ਅਤੇ ਘਟਾਓ ਦੀਆਂ ਸੱਮਸਿਆਵਾਂ ਨੂੰ ਹੱਲ ਕਰਨਾ।
- o ਜੋੜ ਅਤੇ ਘਟਾਓ ਤੱਥਾਂ ਨਾਲ਼ ਸੰਬੰਧਤ ਸੱਮਸਿਆਵਾਂ ਦਾ ਨਿਰਮਾਣ ਕਰਨਾ।
- o ਦੋ ਦਿੱਤੇ ਅੰਕਾਂ ਵਿੱਚ ਜੋੜ ਅਤੇ ਘਟਾਓ ਦਾ ਅੰਦਾਜਾ ਲਗਾਉਣਾ।

**ਗੁਣਾ :-**

- o ਗੁਣਾ ਦੇ ਸਿਧਾਂਤ ਨੂੰ ਵਿਸਥਾਰ ਪੂਰਵਕ ਸਮਝਾਉਣਾ ( ਦੁਹਰਾਓਂਦੇ ਜੋੜ ਦੇ ਰੂਪ ਵਿੱਚ)
- o ਗੁਣਾ ਦੇ ਚਿੰਨ੍ਹ ਦੀ ਪਹਿਚਾਣ ਕਰਨਾ।
- o 2,3,4,5 ਅਤੇ 10 ਦੇ ਪਹਾੜਿਆਂ ਦਾ ਨਿਰਮਾਣ ਕਰਨਾ।
- o ਗੁਣਾ ਦੇ ਤੱਥਾਂ ਨੂੰ ਸੰਖਿਆਵਾਂ ਵਿੱਚ ਵਰਤਣਾ।
- o ਦੋ ਅੰਕਾ ਵਾਲੀਆਂ ਸੰਖਿਆਵਾਂ ਨੂੰ ਗਿਣਨ ਵਿਧੀ ਦੀ ਵਰਤੋਂ ਕਰਦੇ ਹੋਏ ਗੁਣਾ ਕਰਨਾ ਅਤੇ ਜਾਲੀ ਨੁਮਾ ਗਿਣਨ ਵਿਧੀ ( lattice ) ਦੀ ਸਹਾਇਤਾ ਨਾਲ਼ ਗੁਣਾ ਕਰਨਾ।

**ਭਾਗ :-**

ਸਮੂਹ ਬਣਾ ਕੇ ਵੰਡ ਵਿਧੀ ਨੂੰ ਸਮਝਾਉਣਾ (ਬਰਾਬਰ ਗਰੁੱਪ ਬਣਾ ਕੇ ਅਤੇ ਵੰਡ ਕੇ), ਭਾਗ ਅਤੇ ਗੁਣਾ ਵਿੱਚ ਸੰਬੰਧ; ਸਮੂਹ ਬਣਾ ਕੇ ਅਤੇ ਪਹਾੜਿਆ ਦੀ ਵਰਤੋਂ ਰਾਹੀਂ ਭਾਗ ਵਿਧੀ ਸਮਝਾਉਣਾ।

**ਦਿਮਾਗੀ ਅੰਕ ਗਣਿਤ : -**

ਇੱਕ ਅੰਕ ਵਾਲੀ ਸੰਖਿਆ ਅਤੇ ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਜ਼ੁਬਾਨੀ ਜੋੜਨਾ ਅਤੇ ਘਟਾਉਣਾ।

o ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ਬਾਨੀ ਦੁਗਣਾ ਕਰਨਾ। (ਉੱਤਰ ਦੋ ਅੰਕਾਂ ਤੋਂ ਵੱਧ ਨਾ ਹੋਵੇ)

**ਧਨ:-**

o ਖੇਡਣ ਵਾਲ਼ੇ ਧਨ ਨਾਲ਼ ਰੁਪਇਆਂ ਨੂੰ ਪੈਸਿਆਂ ਵਿੱਚ ਬਦਲਣਾ।
o ਧਨ ਦਾ ਜੋੜ ਅਤੇ ਘਟਾਓ ਕਾਲਮ ਵਿਧੀ ਦੀ ਵਰਤੋਂ ਕਰਦੇ ਹੋਏ ਅਤੇ ਧਨ ਦਾ ਘਟਾਓ ਬਿਨਾਂ ਸਮੂਹੀਕਰਣ ਕੀਤੇ।
o ਮੁੱਲ-ਸਾਰਣੀ ਅਤੇ ਲੇਖਾ-ਪਰਚੀ ਬਣਾਉਣਾ।

**ਮਾਪ**

**ਲੰਬਾਈ** :-

o ਮਿਆਰੀ ਇਕਾਈਆਂ ਦੀ ਵਰਤੋਂ ਦਾ ਮਹੱਤਵ।
o ਲੰਬਾਈ ਦੀ ਮਿਆਰੀ ਇਕਾਈ ਮੀਟਰ ਜਾਂ ਸੈਂਟੀਮੀਟਰ ਦੀ ਵਰਤੋਂ ਕਰਦੇ ਹੋਏ ਲੰਬਾਈ ਨੂੰ ਮਾਪਣਾ।
o ਕਿਸੇ ਵਸਤੂ ਦਾ ਮਿਆਰੀ ਰੂਪ ਵਿੱਚ ਲੰਬਾਈ ਦਾ ਅੰਦਾਜ਼ਾ ਲਗਾਉਣਾ ਅਤੇ ਪੈਮਾਇਸ਼ ਦੁਆਰਾ ਤਸਦੀਕ ਕਰਨਾ।
o ਫੁੱਟੇ ਦੀ ਵਰਤੋਂ ਕਰਨਾ।
o ਮੀਟਰ ਅਤੇ ਸੈਂਟੀਮੀਟਰ ਦੇ ਸੰਬੰਧ ਬਾਰੇ ਗਿਆਨ।

**ਭਾਰ (ਪੁੰਜ) :-**

o ਵਸਤੂਆਂ ਦਾ ਗੈਰ-ਮਿਆਰੀ ਢੰਗ ਨਾਲ਼ ਭਾਰ ਤੋਲਣਾ।
o ਭਾਰ(ਪੁੰਜ) ਸਰੱਖਿਅਣ ਦੇ ਸਿਧਾਂਤ ਦਾ ਮਹੱਤਵ।

**ਸਮਾਈ** :- ਗੈਰ ਮਿਆਰੀ ਤਰੀਕੇ ਨਾਲ਼ ਵੱਖ-ਵੱਖ ਬਰਤਨਾਂ ਦੀ ਸਮਾਈ ਨੂੰ ਮਾਪਣਾ **ਅਤੇ** ਤੁਲਨਾ ਕਰਨੀ, ਸਮਾਈ ਸਰੱਖਿਅਣ ਦੇ ਸਿਧਾਂਤ ਦਾ ਮਹੱਤਵ ।

**ਸਮਾਂ** :- ਕੈਲੰਡਰ ਨੂੰ ਪੜ੍ਹਨਾ ਅਤੇ ਇੱਕ ਨਿਸ਼ਚਿਤ ਦਿਨ ਅਤੇ ਤਾਰੀਖ ਨੂੰ ਲੱਭਣਾ, ਸਮੇਂ ਨੂੰ ਘੰਟੇ ਅਨੁਸਾਰ ਠੀਕ ਤਰੀਕੇ ਨਾਲ਼ ਪੜ੍ਹਨਾ, ਵੱਖ-ਵੱਖ ਘਟਨਾਵਾਂ ਨੂੰ ਘਟਨਾਕਾਲ ਅਨੁਸਾਰ ਸੂਚੀਬੱਧ ਕਰਨਾ।

**ਅੰਕੜੇ ਬਣਾਉਣਾ**

o ਅੰਕੜਿਆਂ ਨੂੰ ਮਿਲਾਣ ਚਿੰਨ੍ਹਾਂ ਰਾਹੀਂ ਦਰਜ ਕਰਨਾ।
o ਅੰਕੜਿਆਂ ਨੂੰ ਇਕੱਠਾ ਕਰਨਾ ਅਤੇ ਚਿੱਤਰ ਚਿੰਨ੍ਹ ਰਾਹੀਂ ਅੰਕੜਿਆਂ ਨੂੰ ਦਰਸਾਉਣ ਲਈ ਠੀਕ ਪੈਮਾਨੇ ਅਤੇ ਇਕਾਈ ਦੀ ਵਰਤੋਂ ਕਰਨੀ।
o ਦਿੱਤੇ ਅੰਕੜਿਆਂ ਦਾ ਅਧਿਆਪਕ ਨਾਲ਼ ਸਲਾਹ-ਮਸ਼ਵਰਾ ਕਰਕੇ ਨਿਚੋੜ ਕੱਢਣਾ।

**ਪੈਟਰਨ (ਨਮੂਨਾ)**

o ਸਧਾਰਣ, ਸਮਮਿਤਈ ਆਕ੍ਰਿਤੀਆਂ ਅਤੇ ਨਮੂਨੇ ਦੀ ਪਹਿਚਾਣ ਕਰਨਾ।
o ਸਿੱਧੀ ਰੇਖਾ ਅਤੇ ਹੋਰ ਜਿਆਮਿਤੀ ਆਕ੍ਰਿਤੀਆਂ ਤੋਂ ਨਮੂਨੇ ਅਤੇ ਵੱਖ-ਵੱਖ ਡਿਜਾਇਨ ਬਣਾਉਣਾ।
o ਟਾਂਕ ਅਤੇ ਜਿਸਤ ਸੰਖਿਆਵਾਂ ਲਈ ਸੰਖਿਆ ਅੰਕ ਦੇ ਨਮੂਨੇ ਦੀ ਪਹਿਚਾਣ ਕਰਨਾ ਅਤੇ ਟਾਂਕ ਤੇ ਜਿਸਤ ਸੰਖਿਆਵਾਂ ਵਿੱਚ ਜੋੜਨਾ।
o ਕਿਸੇ ਸੰਖਿਆ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡਣਾ ।
o ਆਪਣੇ ਆਲੇ -ਦੁਆਲੇ ਦੇ ਨਮੂਨੇ ਪਹਿਚਾਨਣੇ ।
o ਦਹਾਈਆਂ ਦੀ ਗੁਣਾ ਅਤੇ ਭਾਗ ਨਾਲ਼ ਬਣੇ ਵੱਖ-ਵੱਖ ਨਮੂਨੇ ਦੀ ਪਹਿਚਾਣ ਕਰਨਾ।

## ਸ਼੍ਰੇਣੀ ਤੀਜੀ
## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ਉਹ ਸਵਸਥ ਜੀਵਨ – ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗ਼ਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

## ਸਿਲੇਬਸ

| | | |
|---|---|---|
| 1. | ਪਰਿਵਾਰ ਅਤੇ ਰਿਸ਼ਤੇ | ਪਰਿਵਾਰ ਦਾ ਸੰਕਲਪ, ਪਰਿਵਾਰ ਦੀਆਂ ਕਿਸਮਾਂ, ਪਰਿਵਾਰ ਇੱਕ ਸਹਿਯੋਗੀ ਢਾਂਚੇ ਵਜੋਂ, ਰਿਸ਼ਤਿਆਂ ਦੀ ਸਮਝ, ਪੁਸ਼ਤੈਨੀ ਖਾਕਾ (ਤਿੰਨ ਪੀੜ੍ਹੀਆਂ ਤੱਕ)। ਪਰਿਵਾਰਿਕ ਮੈਂਬਰਾਂ ਦੇ ਪ੍ਰਭਾਵ-ਸਰੀਰਕ ਲੱਛਣ, ਕਦਰਾਂ ਕੀਮਤਾਂ, ਆਦਤਾਂ, ਗੁਣ ਅਤੇ ਨਿਪੁੰਨਤਾਵਾਂ। ਸਿੱਖਿਆ ਦੇ ਅਧਿਕਾਰ ਪ੍ਰਤੀ ਸੰਵੇਦਨਸ਼ੀਲਤਾ। |
| 2. | ਦਾਦਾ ਜੀ ਜਦੋਂ ਜਵਾਨ ਸਨ..... | ਬਜ਼ੁਰਗਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ (ਅੰਗਹੀਣਾਂ) ਬਾਰੇ ਸੰਵੇਦਨਸ਼ੀਲਤਾ, ਵੇਖਣ ਅਤੇ ਸੁਣਨ ਦੀਆਂ ਗਿਆਨ ਇੰਦਰੀਆਂ ਬਾਰੇ ਮੁੱਢਲੀ ਜਾਣਕਾਰੀ। ਸੰਕੇਤਕ ਭਾਸ਼ਾ ਅਤੇ ਬਰੇਲ ਲਿੱਪੀ ਬਾਰੇ ਮੁੱਢਲੀ ਜਾਣਕਾਰੀ। |
| 3. | ਸਾਡੇ ਸਹਿਯੋਗੀ ਕਿੱਤਾਕਾਰ | ਵੱਖ-ਵੱਖ ਕਿੱਤੇ, ਕੰਮ/ਵਿਹਲਾ ਸਮਾਂ,ਉਮਰ, ਲਿੰਗ ਅਤੇ ਆਰਥਿਕ ਸਥਿਤੀ ਮੁਤਾਬਿਕ ਘਰ ਦੇ ਅੰਦਰ ਤੇ ਬਾਹਰ ਕੰਮ-ਕਾਜ, ਬੱਚਿਆਂ ਦੁਆਰਾ ਮਜ਼ਦੂਰੀ। ਘਰ ਅਤੇ ਬਾਹਰ ਕੰਮ-ਕਾਜ ਕਰਨ ਵਾਲੇ ਬੱਚਿਆਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ। |
| 4. | ਆਓ ਖੇਡੀਏ | ਵਿਹਲ, ਅੱਜ ਅਤੇ ਪੁਰਾਤਨ ਸਮਿਆਂ ਦੌਰਾਨ ਸਥਾਨਕ ਅਤੇ ਪ੍ਰੰਪਰਾਗਤ ਖੇਡਾਂ, ਘਰ ਦੇ ਅੰਦਰ ਤੇ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ। |
| 5. | ਪੌਦੇ ਸਾਡੇ ਮਿੱਤਰ | ਬੱਚਿਆਂ ਦੀ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਵਿੱਚ ਵਿਭਿੰਨਤਾ, ਓਹਨਾਂ ਦੇ ਉੱਗਣ-ਸਥਾਨ, ਆਕਾਰ, ਸ਼ਕਲ, ਰੰਗ ਅਤੇ ਸੁਗੰਧ ਆਦਿ; ਪੌਦਿਆਂ ਉੱਪਰ ਸਾਡੀ ਨਿਰਭਰਤਾ। ਨਵੇਂ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਦੀ ਮਹੱਤਤਾ। |
| 6. | ਰੰਗ-ਬਰੰਗੇ ਪੱਤੇ | ਪੱਤਿਆਂ ਵਿੱਚ ਵਿਭਿੰਨਤਾ-ਆਕਾਰ, ਸ਼ਕਲ, ਰੰਗ, ਬਣਤਰ ਅਤੇ ਸੁਗੰਧ, ਰੁੱਤ ਅਨੁਸਾਰ ਪੱਤਿਆਂ ਦਾ ਝੜਨਾ, ਪੱਤਿਆਂ ਤੋਂ ਖਾਦ। |

| | | |
|---|---|---|
| 7. | ਜੰਤੂ ਇੱਕ ਜਾਣ ਪਹਿਚਾਣ | ਜੰਤੂਆਂ ਬਾਰੇ ਵਿਦਿਆਰਥੀਆਂ ਦੀ ਸਮਝ। ਤੁਹਾਡੇ ਆਲੇ-ਦੁਆਲੇ ਦੇ ਜੰਤੂਆਂ ਵਿੱਚ ਵਿਭਿੰਨਤਾ ਉਹਨਾਂ ਦਾ ਸਾਪੇਖੀ ਆਕਾਰ, ਉਹ ਕੀ ਖਾਂਦੇ ਹਨ ਤੇ ਕਿੱਥੇ ਰਹਿੰਦੇ ਹਨ। ਰੀਂਗਣ ਵਾਲੇ ਤੇ ਉੱਡਣ ਵਾਲੇ ਜੰਤੂਆਂ ਅਤੇ ਕੀਟਾਂ ਬਾਰੇ ਜਾਣ-ਪਛਾਣ। ਕੀਟਾਂ ਦੁਆਰਾ ਡੰਗ ਮਾਰਨਾ |
| 8. | ਪੰਛੀਆਂ ਦੀ ਦੁਨੀਆ | ਪੰਛੀਆਂ ਬਾਰੇ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ। ਉਹਨਾਂ ਦੇ ਰਹਿਣ-ਸਥਾਨ, ਕੀ ਖਾਂਦੇ ਹਨ, ਖੰਭ ਤੇ ਉਹਨਾਂ ਦੀਆਂ ਆਵਾਜ਼ਾਂ ਵਰਗੇ ਆਮ ਲੱਛਣ। ਪੰਛੀਆਂ ਨੂੰ ਭੋਜਨ ਦੇਣਾ। |
| 9. | ਭੋਜਨ ਪਕਾਈਏ ਅਤੇ ਖਾਈਏ | ਕੱਚਾ ਤੇ ਰਿੰਨ੍ਹਿਆ (ਉਬਾਲਿਆ, ਭੁੰਨਿਆ, ਬੇਕਰੀ ਦਾ ਤੇ ਤਲਿਆ) ਭੋਜਨ। ਦੁੱਧ ਦਾ ਮਹੱਤਵ। ਭੋਜਨ ਪਕਾਉਣ ਲਈ ਵਰਤੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਬਾਲਣ, ਭੋਜਨ ਪਕਾਉਣ ਲਈ ਵਰਤੇ ਜਾਂਦੇ ਚੁਲ੍ਹਿਆਂ ਤੇ ਬਰਤਨਾਂ ਦੀ ਪਹਿਚਾਣ। ਭੋਜਨ ਵਿੱਚ ਸੱਭਿਆਚਾਰ ਅਨੁਸਾਰ ਭਿੰਨਤਾ, ਭੋਜਨ ਦੇ ਜ਼ਰੂਰੀ ਕੰਮ ਤੇ ਪੋਸ਼ਕ ਤੱਤ। |
| 10. | ਪਰਿਵਾਰ ਅਤੇ ਜਾਨਵਰ | ਲਿੰਗ, ਉਮਰ ਤੇ ਸਰੀਰਕ ਕਾਰਜਾਂ ਅਨੁਸਾਰ ਭੋਜਨ ਦੀ ਮਾਤਰਾ। ਭੋਜਨ ਵੱਜੋਂ ਵਰਤੇ ਜਾਂਦੇ ਪੌਦਿਆਂ ਬਾਰੇ ਮੁੱਢਲੀ ਜਾਣਕਾਰੀ। ਜੰਤੂਆਂ ਤੋਂ ਭੋਜਨ, ਪਾਲਤੂ ਤੇ ਜੰਗਲੀ ਜਾਨਵਰਾਂ ਦਾ ਭੋਜਨ। ਪਾਲਤੂ ਜੰਤੂਆਂ ਦੀ ਦੇਖਭਾਲ। |
| 11. | ਸਾਡਾ ਆਵਾਸ | ਸਾਡਾ ਘਰ/ ਨਿਵਾਸ-ਸਥਾਨ। ਘਰ ਦਾ ਅਰਥ ਨਿਵਾਸ-ਸਥਾਨ ਦੀ ਲੋੜ। ਘਰਾਂ ਦੀ ਸਜਾਵਟ। ਕੂੜੇ-ਕਰਕਟ ਦਾ ਨਿਪਟਾਰਾ। ਘਰਾਂ ਦੀਆਂ ਕਿਸਮਾਂ। ਘਰ ਬਣਾਉਣ ਲਈ ਵਰਤੇ ਜਾਂਦੇ ਪਦਾਰਥ। |
| 12. | ਸਾਡਾ ਆਂਢ ਗੁਆਢ | ਗੁਆਂਢ ਦਾ ਅਰਥ, ਗੁਆਂਢ। ਆਢ ਗੁਆਂਢ ਦਾ ਅਰਥ/ ਨਕਸ਼ਾ ਬਣਾ ਕੇ ਦੂਰੀ ਤੇ ਦਿਸ਼ਾ ਦਾ ਅੰਦਾਜ਼ਾ ਲਗਾਉਣ। |
| 13. | ਪਾਣੀ ਜੀਵਨ ਦਾ ਆਧਾਰ | ਪਾਣੀ ਦਾ ਮਹੱਤਵ, ਪਾਣੀ ਦੀ ਲੋੜ ਅਤੇ ਮਹੱਤਤਾ, ਪਾਣੀ ਨਾਲ ਹੋਣ ਵਾਲੇ ਕਾਰਜ, ਮਨੁੱਖ ਜੀਵ-ਜੰਤੂਆਂ ਅਤੇ ਪੌਦਿਆਂ ਲਈ ਪਾਣੀ ਦੀ ਲੋੜ। |
| 14. | ਪਾਣੀ ਦੇ ਸ੍ਰੋਤ | ਧਰਤੀ ਹੇਠ ਪਾਣੀ, ਸਤਰੰਗੀ ਪੀਘ, ਪਾਣੀ ਦੀ ਸੰਜਮ ਨਾਲ ਵਰਤੋਂ। |
| 15. | ਸ੍ਰੀ ਅਮ੍ਰਿਤਸਰ ਸਾਹਿਬ ਦਾ ਟੂਰ | ਆਵਾਜਾਈ ਦੀ ਲੋੜ। ਆਪਣੇ ਨਿਵਾਸ ਦੇ ਨੇੜੇ ਜਾਂ ਦੂਰ ਜਾਣਾ। ਵੱਖ-ਵੱਖ ਸਥਾਨਾਂ ਦੀ ਯਾਤਰਾ। ਆਵਾਜਾਈ ਦੇ ਵੱਖ-ਵੱਖ ਸਾਧਨ ਜੋ ਥੋੜੀ ਅਤੇ ਅਧਿੱਕ ਦੂਰੀ ਲਈ ਵਰਤੇ ਜਾਂਦੇ ਹਨ। ਆਵਾਜਾਈ ਦੇ ਨਵੀਨਤਮ ਸਾਧਨ, ਰੇਲਵੇ ਸਟੇਸ਼ਨ ਉੱਪਰ ਕੰਮ ਕਰਦੇ ਵੱਖ-ਵੱਖ ਕਰਮਚਾਰੀ। |
| 16. | ਪੰਖੜੀ ਦੇ ਸੰਦੇਸ਼ | ਚਿੱਠੀ-ਸੰਚਾਰ ਦੇ ਇੱਕ ਮਾਧਿਅਮ ਦੇ ਰੂਪ ਵਿੱਚ। ਡਾਕ-ਘਰ ਵਿਚਲੇ ਕੰਮ ਤੇ ਸਬੰਧਤ ਕਰਮਚਾਰੀ। ਸੰਚਾਰ ਦੇ ਵੱਖ ਵੱਖ ਸਾਧਨ। |
| 17. | ਫੁੱਲਾਂ ਵਾਲੀ ਫਰਾਕ | ਭਿੰਨ-ਭਿੰਨ ਕਿਸਮ ਦੇ ਕੱਪੜੇ। ਕਪੱੜਾ ਉਦਯੋਗ ਵਿੱਚ ਵਰਤੇ ਜਾਂਦੇ ਰੰਗ ਅਤੇ ਨਮੂਨੇ। ਰੰਗਾਂ ਤੇ ਸਬਜੀਆਂ ਦੇ ਠੱਪਿਆਂ ਨਾਲ ਛਪਾਈ। |
| 18. | ਮਿੱਟੀ ਦੇ ਖਿਡੌਣੇ | ਮਿੱਟੀ ਦੇ ਬਰਤਨ ਬਣਾਉਣੇ- ਮਿੱਟੀ ਨੂੰ ਗੁੰਨ੍ਹਣਾ, ਆਕਾਰ ਦੇਣਾ, ਸੁਕਾਉਣਾ ਅਤੇ ਰੰਗ ਕਰਨਾ। ਮਿੱਟੀ ਦੇ ਬਰਤਨਾਂ ਦਾ ਉਪਯੋਗ । ਚੀਕਣੀ ਮਿੱਟੀ ਤੋਂ ਬਰਤਨ ਬਣਾਉਣ ਦਾ ਅਨੁਭਵ। |
| 19. | ਡਿਜੀਟਲ ਉਪਕਰਨ | ਬਿਜਲਈ ਮਸ਼ੀਨਾਂ-ਰੇਡੀਓ,ਟੈਲੀਵਿਜ਼ਨ, ਫਰਿੱਜ,ਪ੍ਰੈੱਸ,ਕੈਮਰਾ, ਮੋਬਾਇਲ ਫੋਨ, ਕੱਪੜੇ ਧੋਣ ਦੀ ਮਸ਼ੀਨ, ਕੰਪਿਊਟਰ। |

## ਸ਼੍ਰੇਣੀ- ਤੀਜੀ

## 7. ਸਿਹਤ ਅਤੇ ਸਰੀਰਿਕ ਸਿੱਖਿਆ

**ਨੋਟ :**

(1) ਨਿਸ਼ਚਿਤ ਪਾਠ-ਕ੍ਰਮ ਨੂੰ ਅਧਿਆਪਕ ਆਪਣੀ ਸੂਝ ਅਤੇ ਕਲਪਨਾ ਨਾਲ਼ ਲਾਗੂ ਕਰੇ। ਕ੍ਰਿਆਵਾਂ ਅਤੇ ਖੇਡ ਸਮੱਗਰੀ ਦੇ ਨਾਲ਼-ਨਾਲ਼ ਬੱਚਿਆਂ ਦੀ ਰੁਚੀ ਤੇ ਉਤਸ਼ਾਹ ਨੂੰ ਧਿਆਨ ਵਿੱਚ ਰੱਖੇ।

(2) ਕਿਉਂਕਿ ਛੇ ਤੋਂ ਨੌ ਸਾਲ ਦੀ ਉਮਰ ਦੇ ਬੱਚਿਆਂ ਲਈ ਖੇਡ ਕ੍ਰਿਆਵਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੁੰਦਾ, ਇਸ ਲਈ ਪਹਿਲੀ ਤੋਂ ਤੀਜੀ ਸ਼ੇਣੀ ਤੱਕ ਦਾ ਪਾਠ-ਕ੍ਰਮ ਇਕੱਠਾ ਹੀ ਬਣਾਇਆ ਗਿਆ ਹੈ।

## ਪਹਿਲੀ ਤੋਂ ਤੀਜੀ ਸ਼੍ਰੇਣੀ

**(1) ਹਰਕਤਾਂ**

(ੳ) ਮੂਲ ਹਰਕਤਾਂ

| | |
|---|---|
| ਤੁਰਨਾ | ਛਾਲ ਮਾਰਨਾ ਜਾਂ ਕੁੱਦਣਾ ਝੁਕਣਾ |
| ਦੌੜਨਾ | ਧੱਕਣਾ, ਧਕੇਲਣਾ ਤਾੜੀ ਵਜਾਉਣਾ ਰੱਸੀ ਟੱਪਣਾ |
| ਝੂਲਣਾ | ਸਿੱਧੀ ਲੇਟਣੀ, ਪੁੱਠੀ ਲੇਟਣੀ |

(ਅ ) ਸ਼ੇਰ ਅਤੇ ਬਾਂਦਰ ਵਰਗੇ ਜਾਨਵਰਾਂ ਦੀ ਨਕਲ ਉਤਾਰਨਾ

**(2) ਖੇਡਾਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ**

ਟੱਪਾ ਪਾਉਣਾ ਸੰਤੁਲਣ ਰੱਖਣਾ, ਕ੍ਰਿਕਟ ਬਾਲ ਜਾਂ ਹਾਕੀ ਬਾਲ ਨੂੰ ਸੁੱਟਣਾ ਅਤੇ ਬੋਚਣਾ

| | | |
|---|---|---|
| ਕਿੱਕ ਮਾਰਨਾ | ਰੇੜ੍ਹ ਕੇ ਲੈ ਜਾਣਾ, | ਛਾਲ ਮਾਰਨਾ |
| ਚੜ੍ਹਨਾ | ਝਕਾਨੀ ਦੇਣਾ | ਭੱਜਣਾ ਦੌੜਨਾ |

**(3) ਛੋਟੀਆਂ ਖੇਡਾਂ;**

ਅਧਿਆਪਕ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਵਿਦਿਆਰਥੀ ਨੂੰ ਖੇਡਾਂ ਕਰਵਾ ਸਕਦਾ ਹੈ।

# ਚੌਥੀ ਸ੍ਰੇਣੀ

## ਸ਼੍ਰੇਣੀ ਚੌਥੀ

## 1. ਪੰਜਾਬੀ (ਪਹਿਲੀ ਭਾਸ਼ਾ)

### ਉਦੇਸ਼

**1. ਪੜ੍ਹਨਾ**

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਕਹਾਣੀਆਂ, ਕਵਿਤਾਵਾਂ, ਲੇਖ ਆਦਿ ਪੜ੍ਹ ਸਕੇ ।

(ਅ) ਪੰਜਾਬੀ ਦੇ ਅਖ਼ਬਾਰ, ਬਾਲ-ਰਿਸਾਲੇ, ਇਸ਼ਤਿਹਾਰ, ਚਿੱਠੀ-ਪੱਤਰ ਆਦਿ ਪੜ੍ਹ ਸਕੇ ।

(ੲ) ਵਿਸਰਾਮ-ਚਿੰਨ੍ਹਾਂ ਅਨੁਸਾਰ ਸਹੀ ਉਚਾਰਨ ਅਤੇ ਢੁਕਵੇਂ ਲਹਿਜੇ ਨਾਲ਼, ਪਾਠ-ਪੁਸਤਕ ਵਿੱਚੋਂ ਵਾਰਤਕ ’ਤੇ ਕਵਿਤਾ ਦੇ ਪਾਠਾਂ ਨੂੰ ਬੋਲ ਕੇ ਪੜ੍ਹ ਸਕੇ ।

(ਸ) ਚੁੱਪ-ਚਾਪ ਲੁੜੀਂਦੀ ਗਤੀ ਨਾਲ਼ ਪੜ੍ਹ ਸਕੇ ।

**2. ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠਾਂ ਨੂੰ ਸੁਣ ਕੇ ਸਮਝ ਸਕੇ ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ੲ) ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ਸ) ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਵੇਖੇ, ਸੁਣੇ ਪ੍ਰੋਗ੍ਰਾਮਾਂ ਨੂੰ ਸਮਝ ਸਕੇ ।

(ਹ) ਕਿਸੇ ਦਾ ਬੋਲਿਆ ਸੁਣ ਕੇ ਉਸ ਵਿਚਲੇ ਵਿਅੰਗ ਅਤੇ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੀਆਂ ਕਹਾਣੀਆਂ ਨੂੰ ਪੜ੍ਹ ਕੇ ਉਹਨਾਂ ਦੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਉਹ ਆਪਣੀ ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਨੂੰ ਗ੍ਰਹਿਣ ਕਰ ਸਕੇ ।

(ੲ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਸੰਬੰਧੀ ਪੁੱਛੇ ਗਏ ਸਧਾਰਨ ਸਵਾਲਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ਸ) ਕਿਸੇ ਨੋਟਿਸ, ਇਸ਼ਤਿਹਾਰ ਆਦਿ ਨੂੰ ਪੜ੍ਹ ਕੇ ਸਮਝ ਸਕੇ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

**3. ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠਾਂ ਬਾਰੇ ਨਿੱਕੇ ਅਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਹਾਣੀ ਜਾਂ ਘਟਨਾ ਨੂੰ ਆਪਣੇ ਸ਼ਬਦਾ ਵਿੱਚ ਸੁਣਾ ਸਕੇ।

(ੲ) ਆਪਣੇ ਸਾਥੀ ਵਿਦਿਆਰਥੀਆਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ ।

(ਹ) ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ, ਘਟਨਾ ਜਾਂ ਕਹਾਣੀ ਸੁਣਾ ਸਕੇ ।

(ii) **ਲਿਖਤੀ**

(ੳ) ਵਿਦਿਆਰਥੀ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ ।

(ਅ) ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ ।

(ੲ) ਸ਼ਬਦਾਂ, ਵਾਕਾਂ ਅਤੇ ਪੈਰਿਆਂ ਨੂੰ ਸੁਣ ਕੇ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ ।

(ਸ) ਲਿਖਣ ਵੇਲ਼ੇ ਪੂਰਨ-ਵਿਸਰਾਮ, ਕਾਮਾ, ਪ੍ਰਸ਼ਨਵਾਚਕ-ਚਿੰਨ੍ਹ ਅਤੇ ਪੁੱਠੇ-ਸਿਧੇ ਕਾਮਿਆਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ ।

(ਹ) ਪਾਠ-ਪੁਸਤਕ ਵਿੱਚੋਂ ਕਿਸੇ ਦਿਲਚਸਪ ਲੇਖ ਜਾਂ ਕਹਾਣੀ ਨੂੰ ਸਰਲ ਕਰ ਕੇ ਆਪਣੇ ਸ਼ਬਦਾਂ

ਵਿੱਚ ਲਿਖ ਸਕੇ ।

(ਕ) ਪਾਠ-ਪੁਸਤਕ ਵਿੱਚੋਂ ਮੁਹਾਵਰੇ ਚੁਣ ਕੇ ਉਹਨਾਂ ਦੀ ਵਾਕਾਂ ਵਿੱਚ ਵਰਤੋਂ ਕਰ ਸਕੇ ।

(ਖ) ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਚੀਜ਼ ਨੋਟ ਕਰ ਸਕੇ ।

**4. ਲਿਖਤ ਰਚਨਾ**

ੳ) ਵਿਦਿਆਰਥੀ ਆਪਣੇ ਅਨੁਭਵ ਅਨੁਸਾਰ ਹੇਠ ਲਿਖੇ ਵਿਸ਼ਿਆ ਬਾਰੇ 1●-15 ਵਾਕ ਲਿਖ ਸਕੇ ।
ਜਿਵੇਂ : ਮੇਰੀ ਕਿਤਾਬ, ਸਾਡਾ ਪਿਡ/ਸ਼ਹਿਰ, ਕਿਸੇ ਵੀ ਪਸ਼ੂ ਬਾਰੇ, ਡਾਕੀਆ, ਦਿਵਾਲ਼ੀ, ਦਸਹਿਰਾ, ਕੋਈ ਰੁੱਤ (ਵਰਖਾ-ਰੁੱਤ) ਆਦਿ ।

ਅ) ਬਿਨੈ-ਪੱਤਰ, ਚਿੱਠੀਆਂ
ਛੁੱਟੀ ਲੈਣ ਲਈ, ਫ਼ੀਸ ਮਾਫ ਕਰਵਾਉਣ ਲਈ, ਸਕੂਲ ਵਿਚਲੀਆਂ ਆਪਣੀਆਂ ਲੋੜਾਂ ਬਾਰੇ ਸਕੂਲ ਦੇ ਮੁੱਖ ਅਧਿਆਪਕ ਨੂੰ ਬਿਨੈ-ਪੱਤਰ।

ੲ) ਮਿੱਤਰ/ਸਹੇਲੀ ਅਤੇ ਨੇੜੇ ਦੇ ਸਾਕ-ਸੰਬੰਧੀਆਂ ਨੂੰ ਚਿੱਠੀਆਂ।
ਕੁੱਲ ਬਿਨੈ-ਪੱਤਰ ਅਤੇ ਚਿੱਠੀਆਂ: ਲਗ-ਪਗ ਦਸ। ਬਿਨੈ-ਪੱਤਰ ਅਤੇ ਚਿੱਠੀਆਂ ਲਿਖਵਾਉਣ ਦਾ ਅਭਿਆਸ ਕਰਵਾਇਆ ਜਾਵੇਗਾ।

**ਨਿਯਤ ਪਾਠ-ਪੁਸਤਕਾਂ**

1. **ਪੰਜਾਬੀ ਪੁਸਤਕ-4 (ਪਹਿਲੀ ਭਾਸ਼ਾ)**

**ਪ੍ਰਕਾਸ਼ਕ:- ਪੰਜਾਬ ਸਕੂਲ ਸਿੱਖਿਆ ਬੋਰਡ**

## ਚੌਥੀ ਸ਼੍ਰੇਣੀ

## 2. ਪੰਜਾਬੀ (ਦੂਜੀ ਭਾਸ਼ਾ)

**ਉਦੇਸ਼**

**1. ਪੜ੍ਹਨਾ**

(ੳ) ਵਿਦਿਆਰਥੀ ਗੁਰਮੁਖੀ ਵਰਨ-ਮਾਲ਼ਾ ਨੂੰ ਪਛਾਣ ਸਕੇ ਤੇ ਪੜ੍ਹ ਸਕੇ ।

(ਅ) ਗੁਰਮੁਖੀ ਅੱਖਰਾਂ ਦੇ ਲਗਾਂ ਨੂੰ ਦੇਵਨਾਗਰੀ ਅੱਖਰਾਂ ਤੇ ਲਗਾਂ ਨਾਲ਼ੋਂ ਨਿਖੇੜ ਦੇ ਪੜ੍ਹ ਸਕੇ ।

(ੲ) ਗੁਰਮੁਖੀ ਅੱਖਰਾਂ ਨੂੰ ਲੱਗਦੀਆਂ ਲਗਾਂ-ਮਾਤਰਾਂ ਨੂੰ ਪਛਾਣ ਸਕੇ ਤੇ ਉਹਨਾਂ ਅਨੁਸਾਰ ਪੜ੍ਹ ਸਕੇ।

(ਸ) ਆਰੰਭ ਵਿੱਚ ਸ਼ਬਦ ਅਤੇ ਫਿਰ ਨਿੱਕੇ-ਨਿੱਕੇ ਵਾਕ ਅਤੇ ਪੈਰੇ ਪੜ੍ਹ ਸਕੇ ।

(ਹ) ਵਿਦਿਆਰਥੀ ਪੰਜਾਬੀ ਦੀਆਂ ਸਰਲ ਤੇ ਸੰਖੇਪ ਕਵਿਤਾਵਾਂ, ਕਹਾਣੀਆਂ ਅਤੇ ਲੇਖ ਆਦਿ ਪੜ੍ਹ ਸਕੇ ।

(ਕ) ਪੰਜਾਬੀ ਦੇ ਬਾਲ-ਰਸਾਲੇ, ਇਸ਼ਤਿਹਾਰ, ਅਖ਼ਬਾਰ, ਚਿੱਠੀ -ਪੱਤਰ ਆਦਿ ਪੜ੍ਹ ਸਕੇ ।

(ਖ) ਬੋਲ ਕੇ ਵਿਸਰਾਕ-ਚਿੰਨ੍ਹ ਅਨੁਸਾਰ ਢੁਕਵੇਂ ਠਹਿਰਾਅ, ਦਬਾਅ ਤੇ ਤਾਨ ਨਾਲ਼ ਪੜ੍ਹ ਸਕੇ ।

(ਗ) ਉਹ ਚੁੱਪ-ਚਾਪ ਗਤੀ ਨਾਲ਼ ਪੜ੍ਹ ਸਕੇ ।

**2. ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਆਮ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ ।

(ਅ) ਅਧਿਆਪਕ ਦੁਆਰਾ ਪੜ੍ਹਾਏ ਪਾਠ ਨੂੰ ਸਮਝ ਸਕੇ ।

(ੲ) ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ ।

(ਸ) ਸ਼੍ਰੇਣੀ ਵਿੱਚ ਜਾਂ ਕਿਸੇ ਸਕੂਲ-ਸਭਾ ਵਿੱਚ ਸੁਣਾਏ ਗੀਤ, ਕਹਾਣੀਆਂ, ਚੁਟਕਲੇ ਸੁਣ ਕੇ ਸਮਝ ਅਤੇ ਸਲਾਹ ਸਕੇ ।

(ਹ) ਟੈਲੀਵੀਜ਼ਨ ਜਾਂ ਰੇਡੀਓ ਤੋਂ ਵੇਖੇ/ਸੁਣੇ ਬੱਚਿਆਂ ਦੇ ਪ੍ਰੋਗਰਾਮ ਸਮਝ ਸਕੇ ।

(ii) **ਪੜ੍ਹ ਕੇ**

(ੳ) ਘਰ ਆਈ ਕੋਈ ਚਿੱਠੀ, ਸੁਨੇਹਾ, ਬਾਲ-ਰਸਾਲਾ ਜਾਂ ਸਰਲ ਬਾਲ-ਪੁਸਤਕ ਨੂੰ ਪੜ੍ਹ ਕੇ ਸਮਝ ਸਕੇ ।

(ਅ) ਪਾਠ-ਪੁਸਤਕ ਵਿਚਲੀਆਂ ਕਹਾਣੀਆਂ ਪੜ੍ਹ ਕੇ ਉਹਨਾਂ ਦੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ੲ) ਪਾਠ-ਪੁਸਤਕ ਦੇ ਕਿਸੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਜਾਂ ਸਿੱਖਿਆ ਨੂੰ ਗ੍ਰਹਿਣ ਕਰ ਸਕੇ।

(ਸ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਦੇ ਭਾਵਾਂ ਨੂੰ ਸਮਝ ਸਕੇ ।

**3. ਪ੍ਰਗਟਾਅ**

**(i) ਮੌਖਿਕ ਪ੍ਰਗਟਾਅ**

(ੳ) ਪੜ੍ਹੇ ਪਾਠਾਂ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦਾ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ।

(ੲ) ਆਪਣੇ ਸਾਥੀ ਵਿਦਿਆਰਥੀਆਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਜਾਂ ਕਿਸੇ ਹੋਰ ਪੜ੍ਹਨ-ਸਮਗਰੀ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ ।

(ਹ) ਆਪਣੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ ਜਾਂ ਘਟਨਾ ਸੁਣਾ ਸਕੇ ।

**(ii) ਲਿਖਤੀ ਪ੍ਰਗਟਾਅ**

(ੳ) ਗੁਰਮੁਖੀ ਅੱਖਰਾਂ ਨੂੰ ਸੋਹਣਾ-ਸੋਹਣਾ ਕਰਕੇ ਲਿਖ ਸਕੇ ।

(ਅ) ਅੱਖਰਾਂ ਦੀ ਬਣਾਵਟ ਨੂੰ ਆਕਰਸ਼ਕ ਬਣਾ ਕੇ ਲਿਖ ਸਕੇ ।

(ੲ) ਪਾਠ-ਪੁਸਤਕਾਂ ਵਿੱਚੋਂ ਕਿਸੇ ਮਨ-ਪਸੰਦ ਪਾਠ ਜਾਂ ਕਵਿਤਾ ਦੀਆਂ ਤੁਕਾਂ ਨੂੰ ਸੋਹਣਾ-ਸੋਹਣਾ ਲਿਖ ਸਕੇ ।

(ਸ) ਪਾਠ-ਅਭਿਅਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ ।

(ਹ) ਆਪਣੇ ਘਰ ਜਾਂ ਜਮਾਤ ਦੀ ਦੀਵਾਰ ਉੱਤੇ ਲਾਉਣ ਲਈ ਸੋਹਣੇ ਮੱਾਟੋਂ ਲਿਖ ਸਕੇ ।

(ਕ) ਆਪਣੀ ਲੋੜ ਜਾਂ ਦਿਲਸਚਪੀ ਦੀ ਕੋਈ ਗੱਲ ਨੋਟ ਕਰ ਸਕੇ ।

**4. ਲਿਖਤ ਰਚਨਾ**

(ੳ) ਹੇਠ ਲਿਖੇ ਵਿਸ਼ਿਆਂ ਬਾਰੇ 1● ਵਾਕ ਲਿਖ ਸਕੇ :-
ਮੇਰੀ ਕਿਤਾਬ/ ਮੇਰਾ ਬਸਤਾ, ਮੇਰੀ ਪੈਂਨਸਿਲ/ਮੇਰਾ ਪੈੱਨ, ਸਾਡਾ ਘਰ/ ਸਾਡਾ ਸਕੂਲ, ਵਰਖਾ-ਰੁੱਤ, ਦਿਵਾਲੀ, ਦੁਸਹਿਰਾ ਅਤੇ ਕਿਸੇ ਖੇਡ ਆਦਿ ਬਾਰੇ ।

(ਅ) ਛੁੱਟੀ ਲੈਣ ਲਈ, ਜੁਰਮਾਨਾ ਮਾਫ ਕਰਵਾਉਣ ਲਈ ਬਿਨੈ-ਪੱਤਰ, ਆਪਣੇ ਮਿੱਤਰ ਸਹੇਲੀ ਜਾਂ ਸਕੇ-ਸੰਬੰਧੀ ਨੂੰ ਚਿੱਠੀ ਲਿਖ ਸਕੇ ।ਕੁੱਲ ਪੱਤਰ / ਚਿੱਠੀਆਂ-ਪੰਜ ।

(ੲ) ਕਿਤੋਂ ਪੜ੍ਹੀ ਜਾਂ ਸੁਣੀ ਕਹਾਣੀ ਨੂੰ ਆਪਣੇ ਸ਼ਬਦਾ ਵਿੱਚ ਲਿਖ ਸਕੇ ।

(ਸ) ਅਧਿਆਪਕ ਜਾਂ ਮਾਪਿਆਂ ਦੁਆਰਾ ਬੋਲੇ ਸ਼ਬਦਾਂ ਅਤੇ ਸਰਲ ਵਾਕਾਂ ਨੂੰ ਸ਼ਬਦ ਜੋੜਾ ਪੱਖੋਂ ਸ਼ੁੱਧ ਲਿਖ ਸਕੇ।

**ਨਿਯਤ ਪਾਠ-ਪੁਸਤਕ**

**1. ਪੰਜਾਬੀ ਪਾਠ-ਪੁਸਤਕ -4 (ਦੂਜੀ ਭਾਸ਼ਾ) (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

**कक्षा : 4**

## 3. हिंदी (प्रथम भाषा)

**मौखिक अभिव्यक्ति :**

विद्यार्थी में निम्नलिखत योग्यताओं का विस्तार करना :

1 भाषा के सुन्दर और शिष्ट रूप का प्रयोगः

2 स्कूल या किसी अन्यत्र सभा में भाषण करनाः

3 कहानी, चुटकले सुना सकना और पहेलियाँ डालनी तथा उनके उत्तर देना;

4 स्कूल, गाँव या कस्बे में घटित घटनाओं को वर्णित करनाः

5 प्रभावशाली ढंग से कविता पाठ करनाः

6 सरल वार्तालाप या भाषण मुकाबलों में भाग लेना;

7 जीवन की साधारण झाँकियों की नकल उतारनी या छोटे – छोटे नाटकों में अभिनय करना;

8 उचित गति और बोली के बीच ठहराव, बल, हाव–भाव, आदि का सही प्रयोग और बोलते समय मानक बोली का प्रयोग।

**पढ़ाई :**

विद्यार्थी में निम्नलिखित योग्यताओं का विस्तार करना :

1 सही उच्चारण और बढ़िया ढंग से पाठ्य – पुस्तक में से वार्ता और कविता के अंशों को बोलकर पढ़ना;

2 चुपचाप अच्छी गति और ठीक समझ से पढ़ना;

3 दो पूरक–रीडर पढ़ना । रूचि के समाचार–पत्र तथा बालकों के लिए लिखी पुस्तकों आदि को पढ़ने के प्रति प्रेरित होना;

4 पहले सीखे हुए शब्दों के अतिरिक्त 200 से 250 तक नए शब्द सीखना । बच्चों को शब्दकोश प्रयोग के लिए प्रेरित करना ।

**लिखाई :**

**विद्यार्थी**

1 श्रुतलेख लिखने के योग्य हो सके;

2 पढ़े हुए पाठ से साधारण प्रश्नों के उत्तर दे सके;

3 माता–पिता, मित्रों और रिश्तेदारों को साधारण पत्र लिखने के योग्य हो तथा इनमें :

(क) पता और पत्र लिखने की तारीख,

(ख) पता लिखने की विधि,

(ग) पत्र लिखने की विधि,

(घ) पत्र के विषय में आरम्भ, विस्तार, पत्र का अन्त आदि स्पष्ट रूप में समझ सके ।

4 अपने शब्दों में सरल कहानियाँ लिख सके, जैसे –प्यासा कौआ, बहादुर लड़का, सच्चा मित्र आदि ।

5 किसी महान् व्यक्ति, मेले या अपने आपको सबसे अधिक प्रिय लगने वाले के सम्बन्ध में छोटा–सा लेख लिख सके;

6 पाठ्य– पुस्तक या अन्य पाठ्य – सामग्री में से मुहावरे चुनकर उनका प्रयोग कर सके;

7 संज्ञा, सर्वनाम, विशेषण और क्रिया, लिंग और वचन शब्दों की पहचान कर सके।

**पाठ्य – पुस्तक : हिंदी पुस्तक – 4**

**(पंजाब स्कूल शिक्षा बोर्ड द्वारा प्रकाशित )**

## कक्षा : 4
## हिंदी (द्वितीय भाषा)
## (चौथी तथा पाँचवी कक्षा के लिए )

इस स्तर पर भाषा –शिक्षण का यह उद्देश्य होना चाहिए कि बालक को प्राइमरी के पाँचवें वर्ष के अन्त तक हिंदी (द्वितीय भाषा) की पढ़ाई द्रुत–गति से प्राप्त करने की प्रेरणा दी जाये तथा अपने आपको अभिव्यक्त करने का सुअवसर प्रदान किया जाए । इस उद्देश्य की प्राप्ति के लिए निम्नलिखित बातों को ध्यान में रखना आवश्यक हैः

**मौखिक अभिव्यक्ति :**

1 इस स्तर पर विद्यार्थी शब्दों एवं ध्वनियों का सही अर्थ जानने की योग्यता प्रात्त कर सके;

2 वह प्रत्येक ध्वनि को अलग–अलग और सही– ढंग से उच्चारण करने की क्षमता प्राप्त कर सके;

3 वह शब्दों के अन्तर को समझ कर द्वितीय भाषा में प्रयुक्त शब्दों का वाचन अच्छी तरह कर सके;

4 वह आस–पड़ोस, घर, स्कूल, गाँव, नगर एवं अपने जीवन के विषय में बिना रूकावट के बात कर सके और उनका वर्णन कर सके ।

5 वह लघुकथा, कविता, लोकगीत, संवाद को सुन्दर ढंग से सुना सके;

6 वह सरल प्रश्नों के उत्तर दे सके;

**पढ़ाई :**

विद्यार्थी

1 विद्यार्थी वर्णमाला के अक्षरों की पहचान कर सके;

2 वह पाठ्य–सामग्री को समझ के साथ पढ़ सके ;

3 वह नये शब्दों एवं मुहावरों का प्रयोग वाक्यों में कर सके;

4 वह शब्दकोश का प्रयोग करना सीख सके ।

**लिखाई :**

1 विद्यार्थी वर्णमाला के अक्षरों को ठीक लिखने की विधि समझ सके;

2 वह अक्षरों के आकार एवं तिरछेपन में एकसारता ला सके;

3 वह हिंदी–पंजाबी के समान एवं विभिन्न शब्दों के अन्तर को समझकर हिंदी शब्दों को शुद्ध रूप में लिखने का अभ्यास कर सके;

4 वह वाक्य पूर्ति कर सके ।

## कक्षा : 4 (द्वितीय भाषा)

**मौखिक अभिव्यक्ति :**

विद्यार्थी में ऐसी योग्यता का विस्तार करना जिससे वह :

1 हिंदी की सभी ध्वनियों की चित्र देखकर पहचान कर सके;

2 हिंदी की मिलती – जुलती ध्वनियों की पहचान कर सके;

3 हिंदी और पंजाबी ध्वनियों की समानता और विभिन्नता की पहचार कर सके;

4 हिंदी की मात्राओं की तुलना पंजाबी की मात्राओं के साथ कर सके;

5 पंजाबी में प्रयोग होने वाली बिन्दी ( ं ) और टिप्पी ( ੰ ) के स्थान पर हिंदी में अनुस्वार और अनुनासिक का प्रयोग कर सके;

6 हिंदी में दिए गए मौखिक निर्देशों को समझ सके :

7 अपने परिवेश / पर्यावरण की जानकानी प्राप्त कर सके :

8 घर और समाज में विचरते हुए नैतिक मूल्यों जैसे : प्रेम, सहानुभूति, आदर, परिश्रम आदि की पहचान कर सके:

9 चित्र देखकर बात कर सके;

10 समूह में या व्यक्तिगत रूप से हाव–भाव के साथ कविता का उच्चारण कर सके ।

**पढ़ाई :**

विद्यार्थी मे ऐसी योग्यता का विस्तार करना जिससे वह :

1 चित्र देखकर हिंदी वर्णमाला पढ़ सके;

2 निर्धारित पाठ्य– पुस्तक में शब्दों और वाक्यों को स्पष्ट रूप से पढ़ सके;

3 अपने परिवेश से नये शब्द पढ़ सके ।

**लिखाई :**

विद्यार्थी मे ऐसी योग्यता का विस्तार करना जिससे वह :

1 देवनागरी लिपि के चिह्नों के सही रूप व आकार की जानकारी प्राप्त कर सके;

2 हिंदी पंजाबी शब्दों की समानता एवं भिन्नता को समझकर हिंदी शब्दों को लिख सके;

3 गुरूमुखी लिपि में दिये गये वाक्यों को देवनागरी लिपि में लिख सके;

4 सरल शब्दों एवं संक्षिप्त वाक्यों की प्रतिलिपि और श्रुतलेख लिख सके ।

**पाठ्य – पुस्तक : आओ हिंदी सीखें – 4**

**(पंजाब स्कूल शिक्षा बोर्ड द्वारा प्रकाशित )**

٦

# Punjab School Education Board

## S.A.S Nagar, Mohali

## Syllabus of Urdu (Class 4th)

---

نصابی کتاب :۔ابتدائی اردو(پہلی جماعت کے لیےاردوکی درسی کتاب)

شائع کردہ: N.C.E.R.T., DELHI

کل نمبر: 50 — وقت: 3 گھنٹے

نوٹ: تمام سوالات نصابی کتاب سے پوچھے جائیں گے۔

| | | |
|---|---|---|
| I۔ | نیچے دیئے گئے عنوانات میں سے کسی ایک عنوان پر دس جملے لکھنا۔ میرا گھر، میرا اسکول، میرا دوست، میری امّی، میری کتاب | 5 |
| II۔ | دیئے گئے دس الفاظ پر زبر، زیر اور پیش لگانا۔ جس سے صحیح لفظ بن جائے۔ | 5 |
| III۔ | حروف کو ملا کر لفظ بنانا یا الفاظ سے حروف بنانا۔ | 5 |
| IV۔ | مناسب الفاظ سے خالی جگہ پر کرنا یا ادھورے جملے پورے کرنا۔ | 5 |
| V۔ | تشدید والے پانچ لفظ لکھنا۔ | 5 |
| VI۔ | دیئے گئے ہندسوں کو الفاظ میں لکھنا۔ | 5 |
| VII۔ | ''الف'' اور ''ب'' کے تحت دیئے گئے الفاظ کا صحیح جوڑ ملانا۔ | 5 |
| VIII۔ | نون غنہ والے پانچ لفظ لکھنا۔ | 5 |
| IX۔ | ہمزہ والے پانچ لفظ لکھنا۔ | 5 |
| X۔ | اپنی کتاب میں سے کوئی ایک شعر لکھنا۔ | 5 |

## CLASS IV
## 5. ENGLISH

| The learner may be provided opportunities in pairs/groups/individually and encouraged to: | The learner: |
|---|---|
| ➢ participate in role-play, enactment, dialogue and dramatisation of stories read and heard.<br>➢ listen to simple instructions, announcements in English made in class/school and act accordingly.<br>➢ participate in classroom discussions on questions based on the day to day life and texts he/she already read or heard.<br>➢ learn English through new vocabulary , in addition to books and children's literature.<br>➢ read independently and silently in English, stories, poems, essays etc.<br>➢ learn grammar in a contextual and integrated manner and frame grammatically correct sentences.<br>➢ notice the use of nouns, pronouns, adjectives, prepositions and verbs in speech and writing and in different language activities.<br>➢ enrich vocabulary in English mainly through telling and re-telling stories/folk tales.<br>➢ start using dictionary to find out spelling and meaning of new words.<br>➢ practise reading aloud with pause and intonation, with an awareness of punctuation (full stop, comma, question mark); also use punctuation appropriately in writing.<br>➢ infer the meaning of unfamiliar words from the context.<br>➢ takes dictation of words/phrases/sentences from known and unknown texts.<br>➢ be sensitive to issues like road safety ,personal hygiene , conservation of natural resources, etc.<br>➢ look at pictures with or without words and interpret them.<br>➢ enrich vocabulary through crossword puzzles, word chain, etc.<br>➢ appreciate verbally and in writing the variety in food, dresses and festivals as read/heard in his/her day to day life and story book, seen in videos, films, etc. | • recites poems with appropriate expressions and intonation.<br>• enacts different roles in short skits.<br>• responds to simple instructions, announcements in English made in class/school.<br>• responds verbally/in writing in English to questions based on day-to-day life experiences, an article, story or poem heard or read.<br>• describes briefly, orally about places and/or personal experiences in English.<br>• shares riddles and tongue-twisters in English.<br>• solves simple crossword puzzles, builds word chains, etc.<br>• infers the meaning of unfamiliar words by reading them in context.<br>• uses dictionary to find out spelling and meaning.<br>• writes dictation of sentences.<br>• uses punctuation marks appropriately in reading aloud with intonations and pauses such as question mark, comma, full stop and capital letter.<br>• writes informal letters/messages.<br>• uses linkers to indicate connections between words and sentences such as 'First', 'Next', etc.<br>• uses nouns, pronouns, verbs, adjectives, and prepositions in speech and writing.<br>• reads print script on the classroom walls, notice, board, in posters and in advertisements<br>• speaks briefly on any familiar issue like conservation of water; and experiences of day to day life like visit to a zoo; going to fair under guidance.<br>• reads text related to issues like road safety, Personal hygiene and conservation of natural resources. |

**Contents**

1. The King and His Sons
2. The Farmer and the Bullock Cart
3. Safety Rules
4. Team Work
5. Walnut and Watermelon
6. Health in Our Heads
7. Green Diwali Safe Diwali
8. Guru Nanak Dev Ji
9. Adventure with Books

**Book prescribed by Punjab School Education Board**

**RAINBOW (English class-IV)**

## ਸ਼੍ਰੇਣੀ ਚੌਥੀ

## 6. ਗਣਿਤ

**ਸਮਾਂ: 3 ਘੰਟੇ**

### ਪਾਠਕ੍ਰਮ (ਗਣਿਤ)

**ਰੇਖਾ ਗਣਿਤ**

**ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਗਿਆਨਃ-**

- ਮੁਕਤ ਹੱਥ ਨਾਲ਼ ਅਤੇ ਪਰਕਾਰ ਨਾਲ਼ ਚੱਕਰ ਖਿੱਚਣਾ।
- ਚੱਕਰ ਦਾ ਕੇਂਦਰ, ਅਰਧ ਵਿਆਸ ਅਤੇ ਵਿਆਸ ਦੀ ਸ਼ਨਾਖਤ ਕਰਨੀ।
- ਵੱਖ-ਵੱਖ ਆਕਾਰ ਬਣਾਉਣ ਲਈ ਟੇਨਗ੍ਰਾਮ ਦੀ ਵਰਤੋਂ ਕਰਨੀ।
- ਟਾਇਲ ਜਿਮਾਇਤੀ ਆਕਾਰ ਇੱਕ ਜਾਂ ਦੋ ਅਕਾਰਾਂ ਨੂੰ ਵਰਤ ਕੇ।
- ਦਿੱਤੀਆਂ ਹੋਈਆਂ ਟਾਇਲਾਂ ਵਿੱਚੋਂ ਇੱਕ ਅਜਿਹੀ ਟਾਇਲ ਦੀ ਚੋਣ ਕਰਨੀ ਜੋ ਦਿੱਤੇ ਹੋਏ ਖੇਤਰ ਨੂੰ ਅੰਤਰ ਗਿਆਨ ਦੁਆਰਾ ਅਤੇ ਪ੍ਰਯੋਗੀ ਦੁਆਰਾ ਪੱਟੜੀਬੱਧ ਕਰ ਸਕੇ।
- ਸਧਾਰਣ ਅਕਾਰਾਂ ਦੇ ਖੇਤਰਫਲ ਅਤੇ ਪਰਿਮਾਪ ਅੰਤਰ ਗਿਆਨ ਦੁਆਰਾ ਟਟੋਲਣਾ।
- ਦਿੱਤੇ ਹੋਏ ਜਾਲ ਤੋਂ ਜੋ ਸਿਰਫ ਇਹਨਾਂ ਲਈ ਬਣੇ ਹਨ, ਤੋਂ 4-ਫਲਕ, 5-ਫਲਕ ਅਤੇ 6-ਫਲਕ ਘਣ ਬਣਾਉਣਾ।
- ਛਿਹਾਈ ਦੇ ਫੈਲਾਓ ਨਾਲ਼, ਕਾਗਜ ਕੱਟ ਤੇ ਅਤੇ ਕਾਗਜ ਨੂੰ ਤਹਿ ਮਾਰਕੇ ਅੰਤਰ ਗਿਆਨ ਰਾਹੀਂ ਪ੍ਰਤਿਬਿੰਬ ਟਟੋਲਣਾ।
- ਜਾਣੀਆਂ -ਪਛਾਣੀਆਂ ਰਿਵਾਇਤਾਂ ਦੀ ਵਰਤੋਂ ਕਰਦੇ ਹੋਏ 3-ਪਸਾਰੀ ਵਸਤੂਆਂ ਨੂੰ ਬਣਾਉਣਾ ਅਤੇ ਪੜ੍ਹਨਾ।
- ਸਧਾਰਨ ਅਕਾਰਾਂ ਦੇ ਤਲ, ਸਾਹਮਣਾ ਪਾਸਾ ਅਤੇ ਪਾਸਵੀਂ ਪਾਸੇ ਅੰਤਰ ਗਿਆਨ ਰਾਹੀਂ ਬਣਾਉਣਾ।

**ਸੰਖਿਆਵਾਂ**

ਸੰਖਿਆਵਾਂ ਅਤੇ ਕਿਰਿਆਵਾਂ

- ਗੁਣਨ ਤੱਥ ਲਿਖਣਾ
- 10×10 ਤੱਕ ਪਹਾੜੇ ਲਿਖਣਾ
- ਲੇਟਿਸ ਐਲਗੋਰਿਥਮ ਅਤੇ ਮਿਆਰੀ ਕੱਾਲਮ ਐਲਗੋਰਿਥਮ ਦੀ ਵਰਤੋਂ ਕਰਕੇ 2 ਅਤੇ 3 ਅੰਕਾਂ ਵਾਲੀਆਂ ਸੰਖਿਆਵਾਂ ਦੀ ਗੁਣਾ
- ਇੱਕ ਦਿੱਤੀ ਹੋਈ ਸੰਖਿਆ ਨੂੰ ਹੋਰ ਸੰਖਿਆ ਨਾਲ਼ ਅੱਲਗ ਅੱਲਗ ਤਰੀਕਿਆਂ ਨਾਲ਼ ਵੰਡਣਾ ਜਿਸ ਤਰ੍ਹਾਂ:
  - o ਬਿੰਦੂ ਲਗਾ ਕੇ
  - o ਸਮੂਹ ਬਣਾ ਕੇ
  - o ਗੁਣਨ ਤੱਥ ਦੀ ਵਰਤੋਂ ਕਰਕੇ
  - o ਘਟਾਓ ਨੂੰ ਦੁਹਰਾ ਕੇ
- ਚਾਰ ਮੁਢਲੀਆਂ ਕਿਰਿਆਵਾਂ ਦੀ ਰੋਜ਼ਾਨਾ ਦੀ ਜਿੰਦਗੀ ਵਿੱਚ ਵਰਤੋਂ ਕਰਨਾ
- ਸ਼ਬਦ ਸਮੱਸਿਆਵਾਂ ਬਣਾਉਣੀਆਂ
- ਦਿੱਤੀਆਂ ਸੰਖਿਆਵਾਂ ਦੇ ਜੋੜਫਲ, ਘਟਾਓ ਅਤੇ ਗੁਣਨਫਲ ਦਾ ਅਨੁਮਾਨ।

**ਦਿਮਾਗੀ ਅੰਕਗਣਿਤ**

- 10 ਅਤੇ 100 ਦੇ ਗੁਣਜਾਂ ਦਾ ਦਿਮਾਗੀ ਜੋੜ ਅਤੇ ਘਟਾਓ।
- ਅੰਸ਼ਿਕ ਗੁਣਨਫਲ ਨੂੰ ਦਿਮਾਗੀ ਜੋੜਦੇ ਹੋਏ ਗੁਣਨਤੱਥ ਪੂਰਾ ਕਰਨਾ। (ਜਿਵੇਂ $7\times6 = 5\times6+2\times6$)

**ਭਿੰਨਾਤਮਕ ਸੰਖਿਆਵਾਂ**

- ਇੱਕ ਪੂਰਨ ਦਾ ਅੱਧਾ, ਇੱਕ ਚੋਥਾਈ ਅਤੇ ਤਿੰਨ ਚੋਥਾਈ ਪਤਾ ਕਰਨਾ।
- ਚਿੰਨ੍ਹ 1/2, 1/4, 3/4, ਨੂੰ ਪਛਾਣਨਾ।
- 1/2, 1/4 ਅਤੇ 3/4 ਦੇ ਅਰਥ ਦਾ ਸਪਸ਼ਟੀਕਰਣ।

- 2/4 ਅਤੇ 1/2; 2/2, 3/3, 4/4 ਅਤੇ 1 ਦੀ ਤੁਲਤਾ ਦਾ ਮਹੱਤਵ।

**ਧਨ**

- ਰੁਪਇਆਂ ਨੂੰ ਪੈਸਿਆਂ ਵਿੱਚ ਬਦਲਨਾ।
- ਧਨ ਨੂੰ ਜੋੜਨਾ ਅਤੇ ਘਟਾਉਣਾ, ਕਾਲੱਮ ਦੀ ਵਰਤੋਂ ਕਰਕੇ ਅਤੇ ਸਮੂਹੀਕਰਨ ਨਾਲ਼ ਘਟਾਉ
- ਕਿਰਿਆਵਾਂ ਦੀ ਵਰਤੋਂ ਕਰਕੇ ਕੁੱਲ, ਅਦਲਾ-ਬਦਲੀ, ਇਕਾਈ ਮੁੱਲ ਅਤੇ ਬਹੁਪੱਖੀ ਮੁੱਲ ਪਤਾ ਕਰਨਾ।
- ਕੁੱਲ ਅਤੇ ਕੁੱਲ ਮੁੱਲ ਦਾ ਰਫ਼ ਅੰਦਾਜਾ ਲਗਾਉਣਾ।

**ਮਾਪ (ਲੰਬਾਈ)**

- ਮੀਟਰ ਦਾ ਸੈਂਟੀਮੀਟਰ ਨਾਲ਼ ਸੰਬੰਧ
- ਮੀਟਰ ਦਾ ਸੈਂਟੀਮੀਟਰ ਵਿੱਚ ਬਦਲਾਅ ਅਤੇ ਉਲਟ।
- ਲੰਬਾਈ ਅਤੇ ਦੂਰੀ ਨਾਲ਼ ਸੰਬੰਧਿਤ ਸਮੱਸਿਆਵਾਂ ਹੱਲ ਕਰਨਾ।
- ਇੱਕ ਵਸਤੂ ਦੀ ਲੰਬਾਈ ਅਤੇ ਦੋ ਦਿੱਤੇ ਸਥਾਨਾਂ ਵਿਚਕਾਰ ਦੂਰੀ ਦਾ ਅਨੁਮਾਨ ਲਗਾਉਣਾ।

**ਭਾਰ**

- ਇੱਕ ਤੱਕੜੀ ਅਤੇ ਮਿਆਰੀ ਇਕਾਈਆਂ ਦੀ ਵਰਤੋਂ ਨਾਲ਼ ਵਸਤੂਆਂ ਦਾ ਭਾਰ ਤੋਲਨਾ।
- ਭਾਰਾਂ ਦਾ ਜੋੜ ਅਤੇ ਅੰਤਰ ਪਤਾ ਕਰਨਾ।
- ਕਿਸੇ ਵਸਤੂ ਦੇ ਭਾਰ ਦਾ ਅਨੁਮਾਨ ਲਗਾਉਣ ਅਤੇ ਫਿਰ ਤੱਕੜੀ ਦੀ ਵਰਤੋਂ ਕਰਕੇ ਜਾਂਚ ਕਰਨਾ।

**ਆਇਤਨ**

- ਮਿਆਰੀ ਇਕਾਈਆਂ ਨਾਲ਼ ਅੰਕਿਤ ਡੱਬਿਆਂ ਨਾਲ਼ ਦਿੱਤੇ ਤਰਲ ਦਾ ਮਾਪ ਪਤਾ ਕਰਨਾ।
- ਆਇਤਨਾਂ ਦਾ ਜੋੜ ਅਤੇ ਅੰਤਰ ਪਤਾ ਕਰਨਾ।
- ਕਿਸੇ ਬਰਤਨ ਵਿੱਚ ਪਾਏ ਤਰਲ ਦੇ ਆਇਤਨ ਦਾ ਅਨੁਮਾਨ ਲਗਾਉਣਾ ਅਤੇ ਫਿਰ ਮਾਪ ਕੇ ਜਾਂਚ ਕਰਨਾ।

**ਸਮਾਂ**

- ਇੱਕ ਸਾਲ ਵਿੱਚ ਹਫ਼ਤਿਆਂ ਦੀ ਸੰਖਿਆ ਦੀ ਗਣਨਾ ਕਰਨਾ।
- ਇੱਕ ਸਾਲ ਵਿੱਚ ਦਿਨਾਂ ਦੀ ਸੰਖਿਆ ਦਾ ਹਰੇਕ ਮਹੀਨੇ ਦੇ ਦਿਨਾਂ ਨਾਲ਼ ਸਹਿ-ਸਬੰਧ ਸਥਾਪਿਤ ਕਰਨਾ।
- ਲੀਪ ਸਾਲ ਦੀ ਜਰੂਰਤ ਦਾ ਕਾਰਣ ਦਾ ਪ੍ਰਮਾਣ ਦੇਣਾ।
- ਸਮੇਂ ਨੂੰ ਨੇੜੇ ਦੇ ਘੰਟਿਆਂ ਅਤੇ ਮਿੰਟਾਂ ਵਿੱਚ ਪੜ੍ਹਨਾ।
- ਸਮੇਂ ਨੂੰ ਪਦਾਂ “A.M” ਅਤੇ “P.M” ਨਾਲ਼ ਦਰਸਾਉਣਾ।
- ਕਿਸੇ ਖਾਸ ਘਟਨਾ ਦੀ ਅਵਧੀ ਦਾ ਅਨੁਮਾਨ ਲਗਾਉਣਾ।
- ਬਤੀਤ ਹੋਏ ਸਮੇਂ ਨੂੰ (ਨੇੜੇ ਦੇ ਘੰਟਿਆਂ ਵਿੱਚ) ਲਗਭਗ ਵਿੱਚ ਪਤਾ ਕਰਨਾ।
- ਦਿੱਤੀਆਂ ਹੋਈਆਂ ਦੋ ਤਰੀਖਾਂ ਵਿੱਚ ਦਿਨਾਂ ਦੀ ਗਿਣਤੀ ਦੀ ਗਣਨਾ ਕਰਨਾ।

**ਅੰਕੜੇ ਬਣਾਉਣਾ**

- ਅੰਕੜੇ ਇੱਕਠੇ ਕਰਨਾ ਅਤੇ ਛੜ ਗਰਾਫ਼ ਦੇ ਰੂਪ ਵਿੱਚ ਦਰਸਾਉਣਾ।
- ਆਪਣੇ ਅਧਿਆਪਕ ਨਾਲ਼ ਚਰਚਾ ਕਰਕੇ ਨਿਚੋੜ ਕਢਨਾ।

**ਨਮੂਨੇ**

- ਗੁਣਾ ਅਤੇ ਭਾਗ ਵਿੱਚੋਂ ਨਮੂਨਿਆਂ ਦੀ ਸ਼ਨਾਖਤ ਕਰਨੀ: 9 ਦੇ ਪਹਾੜੇ ਤੋਂ ।
- ਕਿਸੇ ਦਿੱਤੀ ਸੰਖਿਆ ਵਿੱਚੋਂ 9 ਬਾਹਰ ਕੱਢ ਕੇ ਪੜਤਾਲ ਕਰਨੀ ਕਿ ਇਹ 9 ਦਾ ਗੁਣਜ ਹੈ।
- 1● ਅਤੇ 1●● ਨਾਲ਼ ਭਾਗ ਅਤੇ ਗੁਣਾ ਕਰਨੀ।
- ਸਮਮਿਤੀ ਉੱਤੇ ਅਧਾਰਿਤ ਜਿਮਾਇਤੀ ਨਮੂਨਿਆਂ ਦੀ ਸ਼ਨਾਖਤ ਕਰਨੀ।

## ਸ਼੍ਰੇਣੀ ਚੌਥੀ
## 7. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾਂ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗ਼ਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

### ਪਾਠਕ੍ਰਮ

**1. ਬੇਟੀ ਆਈ ਖ਼ੁਸ਼ੀ ਲਿਆਈ**- ਵਰਤਮਾਨ ਸਮੇਂ/ ਅੱਜ ਦੀ ਬੰਸਾਵਲੀ (Family Tree); ਪਰਿਵਾਰਕ ਮੈਂਬਰਾਂ ਦਾ ਇਕੱਠੇ ਰਹਿਣਾ ਅਤੇ ਇਸ ਵਿੱਚ ਸਮੇਂ ਨਾਲ ਬਦਲਾਵ; ਮਾਂ-ਬੱਚੇ ਦਾ ਰਿਸ਼ਤਾ; ਖ਼ੂਨ ਦੇ ਰਿਸ਼ਤੇ ਤੋਂ ਬਿਨਾਂ ਪਾਲਣ-ਪੋਸ਼ਣ ਕਰਨ ਵਾਲੇ ਮਾਪੇ ਅਤੇ ਗੋਦ ਲੈਣਾ; ਪਰਿਵਾਰਕ ਕਦਰਾਂ ਕੀਮਤਾਂ, **ਚੰਗੀਆਂ ਆਦਤਾਂ** ਜਾਤ-ਪਾਤ ਅਤੇ ਧਰਮ; ਲਿੰਗ ਅਤੇ ਕਮਾਉਣ-ਸਮਰੱਥਾ ਦਾ ਫ਼ੈਸਲੇ ਲੈਣ 'ਤੇ ਅਸਰ।

**2. ਪਾਰਕ ਦੀ ਸੈਰ** -ਛੂਹਣ ਦੀ ਸੰਵੇਦਨਾ (ਸਪਰਸ਼ ਬੋਧ); ਪਿਆਰ ਅਤੇ ਥੱਪੜ ਪ੍ਰਤੀ ਭਾਵਨਾਤਮਕ ਪ੍ਰਤੀਕਰਮ; ਸੁੰਘਣ ਦੀ ਸੰਵੇਦਨਾ-ਖ਼ੁਸ਼ਬੂ/ ਬਦਬੂ; ਛੂਹ ਕੇ ਜਾਂ ਸੁੰਘ ਕੇ ਪਦਾਰਥਾਂ/ਵਿਅਕਤੀਆਂ ਦੀ ਪਹਿਚਾਨ ਕਰਨਾ; ਜੰਤੂਆਂ ਦਾ ਛੋਹ ਪ੍ਰਤੀ ਪ੍ਰਤੀਕਰਮ; ਛੋਹ ਚੰਗੀ ਜਾਂ ਬੁਰੀ ਲੱਗਣੀ।

**3. ਮੇਲੇ ਅਤੇ ਖੇਡਾਂ –** ਮੇਲੇ ਅਤੇ ਪਤੰਗ ਉਡਾਉਣਾ-ਮਨੋਰੰਜਨ ਦੇ ਸਾਧਨਾਂ ਵਜੋਂ। ਖੇਡਣ ਲਈ ਲੋੜੀਂਦੀਆਂ ਵਸਤੂਆਂ, ਕੌਣ ਮੁਹੱਈਆ ਕਰਦਾ ਹੈ; ਖੇਡਾਂ ਦੇ ਨਿਯਮ; ਖੇਡ ਦੌਰਾਨ ਲੜਾਈ-ਝਗੜਾ ਅਤੇ ਮਿਲਵਰਤਨ; ਰਲ਼ ਮਿਲ ਕੇ ਖੇਡਣਾ ਖੇਡਣ ਉੱਤੇ ਲਿੰਗ 'ਤੇ ਆਧਾਰਿਤ ਪਾਬੰਦੀ (ਵਿਤਕਰਾ);

**4. ਵੱਖ-ਵੱਖ ਕਿੱਤਾਕਾਰ** - ਭਿੰਨ ਭਿੰਨ ਕੰਮ-ਧੰਦੇ (ਪੇਸ਼ੇ); ਸੰਬੰਧਤ ਔਜ਼ਾਰ(ਸੰਦ); ਕਾਮਿਆਂ ਨੇ ਆਪਣਾ ਕੰਮ ਅਤੇ ਕੁਸ਼ਲਤਾ ਕਿਵੇਂ ਸਿੱਖੀ; ਲਿੰਗ ਅਤੇ ਕੰਮ-ਧੰਧੇ।

**5. ਜੰਤੂਆਂ ਦੀ ਦੁਨੀਆਂ–**ਜੰਤੂਆਂ ਦੇ ਬਾਹਰੀ ਲੱਛਣ; ਪੰਛੀਆਂ, ਥਣਧਾਰੀਆਂ, ਰੀਂਗਣ ਵਾਲੇ ਜੰਤੂਆਂ ਅਤੇ ਕੀਟਾਂ ਦੁਆਰਾ ਆਪਣੇ ਬੱਚਿਆਂ ਦੀ ਦੇਖਭਾਲ।

**6. ਜੰਤੂ ਅਤੇ ਝੁੰਡ–** ਜੰਤੂਆਂ ਦਾ ਝੁੰਡ ਵਿੱਚ ਵਿਵਹਾਰ; ਜੰਤੂ ਅਤੇ ਮਨੁੱਖੀ ਮੇਲ ਜੋਲ; ਮਧੂ ਮੱਖੀਆਂ/ ਤਿਤਲੀਆਂ ਦੁਆਰਾ ਫੁੱਲਾਂ ਤੋਂ ਸ਼ਹਿਦ।

**7. ਪੌਦਿਆਂ ਦੀਆਂ ਜੜ੍ਹਾਂ–** ਜੜ੍ਹਾਂ ਪਾਣੀ ਸੋਖਦੀਆਂ ਹਨ; ਖਾਣਯੋਗ ਜੜ੍ਹਾਂ, ਕਾਲ ਪੈਣ ਸਮੇਂ ਜੜ੍ਹਾਂ ਭੋਜਨ ਵਜੋਂ; ਹਵਾਈ ਜੜ੍ਹਾਂ।

**8. ਰੰਗ ਬਰੰਗੇ ਫੁੱਲ:–** ਫੁੱਲਦਾਰ ਪੌਦੇ; ਫੁੱਲਾਂ ਦੇ ਮੌਸਮ; ਆਕ੍ਰਿਤੀ, ਰੰਗ ਅਤੇ ਸੁਗੰਧੀ ਉੱਤੇ ਆਧਾਰਿਤ ਫੁੱਲਾਂ ਦੀਆਂ ਕਿਸਮਾਂ; ਕਲੀ ਅਤੇ ਫੁੱਲ ਵਿੱਚ ਅੰਤਰ; ਖਾਣਯੋਗ ਫੁੱਲ; ਫੁੱਲਾਂ ਦੇ ਉਪਯੋਗ; ਫੁੱਲਾਂ ਦੇ ਨਮੂਨੇ; ਫੁੱਲਾਂ ਦਾ ਵਪਾਰ,

9. **ਰੁੱਖ ਦੇਣ ਸੁੱਖ**:- ਜੰਗਲੀ ਅਤੇ ਘਰੇਲੂ ਪੌਦੇ; ਫਲ਼ ਅਤੇ ਰੁੱਖ; ਰੁੱਖਾਂ ਦੀ ਕਟਾਈ, ਬਚਾਅ ਅਤੇ ਸਾਂਭ ਸੰਭਾਲ।

10. **ਖੇਤ ਤੋਂ ਘਰ ਤੱਕ** -ਕਿਸਾਨਾਂ ਦੁਆਰਾ ਉਗਾਈਆਂ ਜਾਣ ਵਾਲੀਆਂ ਫਸਲਾਂ-ਸਬਜ਼ੀਆਂ, ਅਨਾਜ, ਦਾਲਾਂ, ਤੇਲਾਂ ਵਾਲੇ ਬੀਜ, ਮਸਾਲੇ ਆਦਿ; ਖੇਤਾਂ ਵਿੱਚ ਉਗਾਏ ਜਾਣ ਵਾਲੇ ਫਲ; ਉਪਰੋਕਤ ਸਭ ਕੁੱਝ ਨੂੰ ਖੇਤ ਤੋਂ ਮੰਡੀ/ ਬਾਜ਼ਾਰ ਤੱਕ ਅਤੇ ਅੰਤ ਵਿੱਚ ਘਰਾਂ ਤੱਕ ਪਹੁੰਚਾਉਣਾ; ਸੁੰਘਕੇ ਅਤੇ ਖਾ ਕੇ ਮਸਾਲਿਆਂ ਦੀ ਪਹਿਚਾਨ**ਣ**।

11. **ਚੰਗਾ ਖਾਈਏ ਸਿਹਤ ਬਣਾਈਏ – ਭੋਜਨ ਦੀ ਲੋੜ ਅਤੇ ਇਸਦੇ ਪੋਸ਼ਕ ਤੱਤ, ਸੰਤੁਲਿਤ ਭੋਜਨ, ਸਮੂਹਿਕ** ਭੋਜਨ- ਲੰਗਰ, ਹੋਸਟਲ ਮੈੱਸ, ਮਿਡ-ਡੇ-ਮੀਲ; ਸਮਾਜਿਕ **ਸਮਾਰੋਹ**/ ਖ਼ਾਸ ਮੌਕਿਆਂ/ ਤਿਉਹਾਰਾਂ ਸਮੇਂ ਭੋਜਨ ਵਿੱਚ ਵਿਭਿੰਨਤਾ, ਭੋਜਨ ਦੇ ਪੋਸ਼ਕ ਤੱਤ, ਪੈਂਟਰੀ ਕਾਰ।

12. **ਚੁੰਝ ਅਤੇ ਦੰਦ** -ਦੰਦਾਂ ਦੀਆਂ ਕਿਸਮਾਂ, ਦੰਦਾਂ ਦੀ ਸਫਾਈ, ਦੰਦਾਂ ਦੇ ਭਾਗ, ਜੀਭ-ਚੱਖਣਾ ਅਤੇ ਬੋਲਣਾ; ਭਿੰਨ-ਭਿੰਨ ਜੰਤੂਆਂ ਦੇ ਦੰਦ, ਪੰਛੀਆਂ ਦੀਆਂ ਚੁੰਝਾਂ ਅਤੇ ਪੰਜੇ/ ਪਹੁੰਚੇ; ਚੁੰਝਾਂ, ਪੰਜਿਆਂ ਅਤੇ ਦੰਦਾਂ ਦਾ ਭੋਜਨ ਨਾਲ ਸੰਬੰਧ।

13. **ਮਨੁੱਖੀ ਆਵਾਸ**:- ਪਿੰਡਾਂ ਅਤੇ ਸ਼ਹਿਰਾਂ ਦੀ ਹੋਂਦ, ਆਦਿ ਮਾਨਵ, ਪੁਰਾਣਾ ਸਮਾਂ, ਪਿੰਡ, ਸ਼ਹਿਰ ਵਿਚਲੇ ਮਹੱਤਵਪੂਰਨ ਸਥਾਨ, ਘਰ ਬਣਾਉਣ ਵਿੱਚ ਲੋੜੀਂਦਾ ਸਮਾਨ, ਘਰਾਂ ਦੀ ਯੋਜਨਾ ਬੰਦੀ , ਬਹੁਮੰਜ਼ਲੀ ਘਰ ਅਤੇ ਉਹਨਾਂ ਦੀ ਲੋੜ, ਝੁੱਗੀ-ਝੌਪੜੀ ਬਸਤੀਆਂ, ਸਹੂਲਤਾਂ ਵਿਹੂਣੇ ਲੋਕ।

14. **ਜੀਵ ਜੰਤੂਆਂ ਦਾ ਆਵਾਸ**:- ਜੰਗਲੀ ਜੀਵ ਅਤੇ ਉਨ੍ਹਾਂ ਦਾ ਆਵਾਸ/ਪਾਲਤੂ ਜੀਵ, ਉਨ੍ਹਾਂ ਦਾ ਆਵਾਸ, ਜਲੀ ਜੰਤੂਆਂ ਦਾ ਆਵਾਸ, ਪੰਛੀਆਂ ਦੇ ਆਵਾਸ, ਆਵਾਸ ਦਾ ਸੁਰੱਖਿਅਣ।

15. **ਆਵਾਸ ਸਵੱਛਤਾ**:- ਘਰਾਂ ਦਾ ਵਿਅਰਥ/ ਕੂੜਾ ਕਰਕਟ ਇਸ ਦੀ ਰਚਨਾ ਅਤੇ ਵਖਰੇਵਾਂ; ਕੂੜੇ-ਕਰਕਟ ਦਾ ਪ੍ਰਬੰਧਨ ਅਤੇ ਨਿਪਟਾਰਾ, ਦੁਬਾਰਾ ਵਰਤਣ ਅਤੇ ਪੁਨਰ ਚੱਕਰ।

16. **ਪਾਣੀ ਦਾ ਸੰਜਮ**:- ਖੇਤੀ ਲਈ ਪਾਣੀ ਦੀ ਲੋੜ, ਪਾਣੀ ਦੀ ਬੱਚਤ ਦੇ ਢੰਗ।

17. **ਪਾਣੀ ਪ੍ਰਦੂਸ਼ਣ**:- ਪਾਣੀ ਦਾ ਗੰਦਾ ਹੋਣਾ, ਕਾਰਨ, ਜਲ ਸੋਧਣ ਪਲਾਂਟ, ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬੀਮਾਰੀਆਂ, ਪ੍ਰਦੂਸ਼ਣ ਰੋਕਣ ਲਈ ਉਪਾਅ, ਕਾਲੀ ਵੇਂਈ ਦੀ ਸਫ਼ਾਈ।

18. **ਪਾਣੀ ਸੰਭਾਲ**:- ਪਾਣੀ ਦੀ ਸਟੋਰੇਜ, ਮੀਂਹ ਦੇ ਪਾਣੀ ਦੀ ਸੰਭਾਲ।

ਅਤੇ ਸਪਲਾਈ, ਡੈਮ ਵਰਖਾ ਦੇ ਪਾਣੀ ਦਾ ਸੰਗ੍ਰਹਿਣ ( Ran water harvesting- **ਪਾਣੀ ਦੀ ਬਚਤ ਸੰਬੰਧੀ ਚੰਗੀਆਂ ਆਦਤਾਂ**।

19. **ਛੁੱਕ-ਛੁੱਕ ਰੇਲ** -ਯਾਤਰਾ ਦਾ ਅਨੁਭਵ; ਰੇਲਵੇ ਸਟੇਸ਼ਨ; ਰੇਲਵੇ ਟਿਕਟਾਂ, ਰੇਲਵੇ ਸਮਾਂ ਸਾਰਣੀ; ਰੇਲਵੇ ਯਾਤਰਾ ਦੌਰਾਨ ਭੋਜਨ, ਪਹਿਰਾਵੇ, ਭਾਸ਼ਾ ਅਤੇ ਸੱਭਿਆਚਾਰ ਦੀ ਵਿਭਿੰਨਤਾ; ਧਰਾਤਲ ਦੇ ਵੱਖ-ਵੱਖ ਪ੍ਰਕਾਰ; ਰਸਤੇ ਦੇ ਦ੍ਰਿਸ਼ਾਂ ਵਿੱਚ ਭਿੰਨਤਾ; ਯਾਤਰਾ ਲਈ ਭੁਗਤਾਨ।

20. **ਜਾਣੋ ਆਪਣੀ ਕਰੰਸੀ** -ਕਰੰਸੀ ਨਾਲ ਜਾਣ ਪਛਾਣ- ਨੋਟਾਂ ਅਤੇ ਸਿੱਕਿਆਂ ਉੱਪਰ ਰਾਸ਼ਟਰੀ ਚਿੰਨ੍ਹ, ਵੱਖ ਵੱਖ ਭਾਸ਼ਾਵਾਂ।

21. **ਇਮਾਰਤਾਂ ਅਤੇ ਪੁੱਲ**:- ਇਮਾਰਤਾਂ ਬਨਾਉਣ ਵਾਲੇ ਕਾਰੀਗਰ, ਸਮੱਗਰੀ, ਇੱਟਾਂ ਸੀਮਿੰਟ ਆਦਿ। ਵੱਖ ਵੱਖ ਤਰ੍ਹਾਂ ਦੇ ਕੱਚੇ-ਪੱਕੇ ਪੁੱਲ।

**22 ਕੰਪਿਊਟਰ ਇੱਕ ਅਨੋਖੀ ਮਸ਼ੀਨ- ਰਫ਼ਤਾਰ, ਯਾਦਦਾਸ਼ਤ, ਬਹੁਗੁਣਤਾ, ਆਟੋਮੈਟਿਕ, ਕਾਮਾ, ਕੰਪਿਊਟਰ ਦੀ ਵਰਤੋਂ (ਕਿੱਥੇ ਤੇ ਕਿਵੇ)**

## ਸ਼੍ਰੇਣੀ- ਚੌਥੀ
## ੪. ਸਿਹਤ ਅਤੇ ਸਰੀਰਿਕ ਸਿੱਖਿਆ

## ਪਾਠਕ੍ਰਮ

ਸਰੀਰਕ ਕਿਰਿਆਸ਼ੀਲ ਸਿੱਖਿਆ

(1) ਕਾਲੀਸਥੈਨਿਕਸ

- i. ਲੇਜੀਅਮ ਕਸਰਤਾਂ
- ii. ਡੰਬਲਜ਼ ਕਸਰਤਾਂ
- iii. ਰਿਧਮਿਕ ਕਸਰਤਾਂ

(2) ਐਥਲੈਟਿਕਸ

- i. 50 ਮੀਟਰ ਦੀ ਦੌੜ
- ii. ਉੱਚੀ ਛਾਲ
- iii. ਲੰਮੀ ਛਾਲ
- iv. ਕ੍ਰਿਕਟ ਜਾਂ ਹਾਕੀ ਬਾਲ ਨੂੰ ਸੁੱਟਣਾ।

(3) ਖੇਡਾਂ

ਨੋਟ : ਹਰ ਇੱਕ ਬੱਚੇ ਨੇ ਹੇਠ ਲਿਖੀਆਂ ਖੇਡਾਂ ਵਿੱਚੋਂ ਇੱਕ ਖੇਡ ਚੁਣਨੀ ਹੋਵੇਗੀ।

| ਲੜਕੇ | ਲੜਕੀਆਂ |
|---|---|
| ਫੁੱਟਬਾਲ | ਫੁੱਟਬਾਲ |
| ਹਾਕੀ | ਹਾਕੀ |
| ਹੈਂਡਬਾਲ | ਹੈਂਡਬਾਲ |
| ਖੋ-ਖੋ | ਖੋ-ਖੋ |
| ਤੈਰਾਕੀ | ਤੈਰਾਕੀ |
| ਕੁਸ਼ਤੀ | |

# ਪੰਜਵੀਂ ਸ੍ਰੇਣੀ

## ਸ਼੍ਰੇਣੀ- ਪੰਜਵੀਂ
## 1. ਪੰਜਾਬੀ (ਪਹਿਲੀ ਭਾਸ਼ਾ)

**ਉਦੇਸ਼**

**1. ਪੜ੍ਹਨਾ**

(ੳ) ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹ ਸਕੇ ।

(ਅ) ਲੁੜੀਂਦੀ ਗਤੀ ਨਾਲ਼ ਅਤੇ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ ਮੂੰਹ ਵਿੱਚ ਹੀ ਪੜ੍ਹ ਸਕੇ ।

(ੲ) ਅਖ਼ਬਾਰ, ਬਾਲ-ਰਿਸਾਲੇ (ਬਾਲ-ਸਾਹਿਤ) ਵਿੱਚੋਂ ਮਨ-ਪਰਚਾਵੇ ਲਈ ਚੋਣਵੀਂਆਂ ਰਚਨਾਵਾਂ ਪੜ੍ਹ ਸਕੇ ।

(ਸ) ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰ ਸਕੇ।

(ਹ) ਪੰਜਾਬੀ ਦੇ ਸ਼ਬਦ-ਕੋਸ਼ ਦੀ ਵਰਤੋਂ ਕਰ ਸਕੇ ।

**2. ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠਾਂ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ੲ) ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਵੇਖੇ, ਸੁਣੇ ਪ੍ਰੋਗ੍ਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ ।

(ਸ) ਕਿਸੇ ਦਾ ਬੋਲਿਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਗਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ ।

(ੲ) ਆਪਣੀ ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਨੂੰ ਗ੍ਰਹਿਣ ਕਰ ਸਕੇ ।

(ਸ) ਕਿਸੇ ਨੋਟਿਸ, ਇਸ਼ਤਿਹਾਰ ਅਤੇ ਮਾਟੋ ਆਦਿ ਨੂੰ ਪੜ੍ਹ ਕੇ ਉਸ ਦਾ ਭਾਵ ਸਮਝ ਸਕੇ ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ ।

(ਕ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ।

**3. ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਆਦਰ- ਭਾਵ ਅਤੇ ਠਰ੍ਹੰਮੇ ਨਾਲ਼ ਬੋਲ ਸਕੇ ।

(ਅ) ਗੱਲ-ਬਾਤ ਵਿੱਚ ਭਾਗ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ ।

(ੲ) ਸਹੀ ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ ਪੰਜਾਬੀ ਬੋਲ ਸਕੇ ।

(ਸ) ਸੁਣੀ ਜਾਂ ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ ।

(ii) **ਲਿਖਤੀ**

(ੳ) ਵਿਦਿਆਰਥੀ ਸ਼ਬਦਾਂ, ਵਾਕਾਂ ਤੇ ਪੈਰਿਆਂ ਨੂੰ ਸੁਣ ਕੇ ਲੁੜੀਂਦੀ ਗਤੀ ਨਾਲ਼ ਸ਼ੁੱਧ ਲਿਖ ਸਕੇ ।

(ਅ) ਲਿਖਣ ਵੇਲ਼ੇ ਪੂਰਨ ਵਿਸਰਾਮ-ਚਿੰਨ੍ਹ, ਪ੍ਰਸ਼ਨਾਵਾਚਕ ਚਿੰਨ੍ਹ, ਵਿਸਮਿਕ ਚਿੰਨ੍ਹ ਅਤੇ ਜੋੜਨੀ ਆਦਿ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ ।

(ੲ) ਪਾਠ-ਪੁਸਤਕ ਵਿਚਲੇ ਪਾਠਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਵੀ ਲਿਖ ਸਕੇ ।

(ਸ) ਦਿੱਤੀ ਗਈ ਵਿਚਾਰ ਸਮਗਰੀ ਨੂੰ ਲੁੜੀਂਦੀ ਤਰਤੀਬ ਦੇ ਕੇ ਲਿਖ ਸਕੇ ।

(ਹ) ਆਪਣੀ ਲਿਖਤ ਵਿੱਚ ਕਾਲਪਨਿਕ ਦ੍ਰਿਸ਼ਾਂ ਦਾ ਵਰਨਣ ਕਰ ਸਕੇ ।

4. **ਲਿਖਤ ਰਚਨਾ**

(ੳ) ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਕਿਸੇ ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਨਿੱਕੇ-ਨਿੱਕੇ ਪੈਰੇ ਜਾਂ ਲੇਖ ਲਿਖ ਸਕੇ ।

(ਅ) ਸਧਾਰਨ ਪੱਤਰ ਅਤੇ ਬਿਨੈ-ਪੱਤਰ ਆਦਿ ਲਿਖ ਸਕੇ ।

(ੲ) ਦਿੱਤੇ ਹੋਏ ਸੰਕੇਤਾਂ 'ਤੇ ਆਧਾਰਿਤ ਕਹਾਣੀ ਲਿਖ ਸਕੇ ।

(ਸ) ਰਚਨਾਤਮਿਕ ਅਭਿਆਸ ਲਈ ਸਰਲ ਭਾਂਤ ਦੀ ਤੁਕਬੰਦੀ, ਕਹਾਣੀ, ਵਾਰਤਾਲਾਪ, ਲੇਖ ਆਦਿ ਲਿਖ ਸਕੇ ।

**ਨਿਯਤ ਪਾਠ-ਪੁਸਤਕ**

**ਪੰਜਾਬੀ ਪੁਸਤਕ-5 (ਪਹਿਲੀ ਭਾਸ਼ਾ) (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

## ਸ਼੍ਰੇਣੀ ਪੰਜਵੀਂ
## 2. ਪੰਜਾਬੀ
## (ਦੂਜੀ ਭਾਸ਼ਾ)

**ਉਦੇਸ਼**

**1. ਪੜ੍ਹਨਾ**

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ, ਲੇਖ ਆਦਿ ਪੜ੍ਹ ਸਕੇ ।

(ਅ) ਉਹ ਪੰਜਾਬੀ ਦੇ ਅਖ਼ਬਾਰ, ਬਾਲ-ਰਸਾਲੇ, ਇਸ਼ਤਿਹਾਰ ਅਤੇ ਚਿੱਠੀ-ਪੱਤਰ ਆਦਿ ਪੜ੍ਹ ਸਕੇ ।

(ੲ) ਉਹ ਬੋਲ ਕੇ ਵਿਸਰਾਮ-ਚਿੰਨ੍ਹਾਂ ਅਨੁਸਾਰ ਢੁਕਵੇਂ ਠਹਿਰਾਅ, ਦਬਾਅ ਤੇ ਤਾਨ ਨਾਲ਼ ਪੰਜਾਬੀ ਪੜ੍ਹ ਸਕੇ ।

(ਸ) ਉਹ ਚੁੱਪ-ਚਾਪ ਤੇਜ਼ ਗਤੀ ਨਾਲ਼ ਪੰਜਾਬੀ ਪੜ੍ਹ ਸਕੇ ।

**2. ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ ।

(ਅ) ਉਹ ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ੲ) ਉਹ ਸ਼੍ਰੇਣੀ ਜਾਂ ਸਕੂਲ ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ਸ) ਉਹ ਰੇਡੀਓ ਅਤੇ ਟੈਲੀਵੀਜ਼ਨ ਤੋਂ ਸੁਣੇ, ਵੇਖੇ ਬੱਚਿਆਂ ਦੇ ਪ੍ਰੋਗਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ ।

(ਹ) ਉਹ ਆਮ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ ।

(ਕ) ਉਹ ਕਿਸੇ ਦਾ ਬੋਲਿਆ ਸੁਣ ਕੇ ਉਸ ਵਿਚਲੇ ਵਿਅੰਗ ਤੇ ਅਵਾਜ਼ ਦੇ ਉਤਰਾਅ- ਚੜ੍ਹਾਅ ਦੁਆਰਾ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੀ ਕਹਾਣੀ ਪੜ੍ਹ ਕੇ ਉਸ ਦੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਦੇ ਸਾਰ ਨੂੰ ਸਮਝ ਸਕੇ। ਉਸ ਸੰਬੰਧੀ ਪੁੱਛੇ ਸਧਾਰਨ ਸਵਾਲਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ੲ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਜਾਂ ਸਿੱਖਿਆ ਨੂੰ ਗ੍ਰਹਿਣ ਕਰ ਸਕੇ ।

(ਸ) ਬਾਲ-ਸਾਹਿਤ, ਅਖ਼ਬਾਰ ਅਤੇ ਕੋਈ ਚਿੱਠੀ ਜਾਂ ਰੁੱਕਾ ਪੜ੍ਹ ਕੇ ਸਮਝ ਸਕੇ ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦਾ ਹੋਇਆ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

(ਕ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ ।

3. ਪ੍ਰਗਟਾਅ

(i) **ਮੌਖਿਕ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਪੁੱਛੇ ਨਿੱਕੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਆਪਣੀ ਸ਼ਬਦਾਂ ਵਿੱਚ ਸੁਣਾ ਸਕੇ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨ੍ਹਾਂ ਝਿਜਕ ਗੱਲ-ਬਾਤ ਕਰ ਸਕੇ ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਜਾਂ ਕਿਸੇ ਹੋਰ ਪੜ੍ਹਨ-ਸਮਗਰੀ ਵਿੱਚੋਂ ਕੋਈ ਕਵਿਤਾ ਜਾਂ ਗੀਤ ਯਾਦ ਕਰਕੇ ਸੁਣਾ ਸਕੇ।

(ਹ) ਆਪਣੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ ਜਾਂ ਘਟਨਾ ਸੁਣਾ ਸਕੇ ।

(ii) **ਲਿਖਤੀ**

(ੳ) ਵਿਦਿਆਰਥੀ ਗੁਰਮੁਖੀ ਅੱਖਰਾਂ ਨੂੰ ਸੋਹਣਾ-ਸੋਹਣਾ ਕਰਕੇ ਅਤੇ ਅੱਖਰਾਂ ਦੀ ਬਣਾਵਟ ਨੂੰ ਆਕਰਸ਼ਕ ਬਣਾ ਕੇ ਲਿਖ ਸਕੇ ।

(ਅ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਮਨ-ਪਸੰਦ ਕਵਿਤਾ ਦੀਆਂ ਤੁਕਾਂ ਆਦਿ ਨੂੰ ਖ਼ੂਬਸੂਰਤੀ ਨਾਲ਼ ਲਿਖ ਸਕੇ।

(ੲ) ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ ।

(ਸ) ਆਪਣੇ ਘਰ ਜਾਂ ਸ਼੍ਰੇਣੀ ਦੀ ਦੀਵਾਰ ਉੱਤੇ ਲਾਉਣ ਲਈ ਸੋਹਣੇ ਮਾੱਟੋ ਲਿਖੇ ਸਕੇ ।

(ਹ) ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਚੀਜ਼ ਨੋਟ ਕਰ ਸਕੇ ।

2. ਲਿਖਤੀ ਰਚਨਾ

(ੳ) ਹੇਠ ਲਿਖਿਆਂ ਵਿੱਚੋਂ ਲਗ-ਪਗ ਦਸ ਵਿਸ਼ਿਆਂ ਬਾਰੇ 15-20 ਵਾਕ ਲਿਖ ਸਕੇ :
ਮੇਰੀ ਬਸਤਾ/ਮੇਰੀ ਕਿਤਾਬ, ਸਾਡਾ ਘਰ/ਸਕੂਲ, ਸਾਡਾ ਪਿੰਡ/ਸ਼ਹਿਰ, ਪਾਲਤੂ ਪਸ਼ੂ ਜਾਂ ਪੰਛੀ, ਡਾਕੀਆ/ ਚੌਕੀਦਾਰ, ਮੇਰਾ ਅਧਿਆਪਕ, ਦਿਵਾਲੀ, ਦੁਸਹਿਰਾ ਅਤੇ ਵਰਖਾ-ਰੁੱਤ ਆਦਿ।

(ਅ) ਬਿਨੈ-ਪੱਤਰ/ਚਿੱਠਿਆ

(i) ਬਿਨੈ-ਪੱਤਰ
ਛੁੱਟੀ ਲੈਣ, ਮੈਚ ਖੇਡਣ ਦੀ ਆਗਿਆ ਲੈਣ, ਜੁਰਮਾਨਾ ਮਾਫ ਕਰਵਾਉਣ ਆਦਿ ਬਾਰੇ ਸਕੂਲ ਦੇ ਮੁਖੀ ਨੂੰ ਬਿਨੈ-ਪੱਤਰ।

(ii) ਚਿੱਠੀਆ :
ਮਿੱਤਰ/ਸਹੇਲੀ, ਸਾਕ-ਸੰਬੰਧੀਆਂ ਨੂੰ ਚਿੱਠੀਆਂ, ਕੁੱਲ ਬਿਨੈ-ਪੱਤਰ/ਚਿੱਠੀਆਂ-ਦਸ

(ੲ) ਅਧਿਆਪਕ ਜਾਂ ਜਮਾਤ ਵਿੱਚ ਬੋਲ ਕੇ ਲਿਖਵਾਏ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖਣਾ ।

(ਸ) ਪਾਠ-ਅਭਿਆਸ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖਣੇ ।

**ਨਿਯਤ ਪਾਠ-ਪੁਸਤਕ**

**ਪੰਜਾਬੀ ਪਾਠ-ਪੁਸਤਕ-5 (ਦੂਜੀ ਭਾਸ਼ਾ) (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

## कक्षा : 5

# 3. हिंदी (प्रथम भाषा)

### उद्देश्य :

### मौखिक अभिव्यक्ति :

### विद्यार्थी :

1 रेडियो या रेडियो से स्कूलों के लिए प्रसारित किए जाने वाले कार्यक्रम को ध्यान से सुनकर अलग–अलग कार्यक्रमों में भेद कर सके ;

2 सुनने या पढ़ने के बाद पठित सामग्री पर कुछ पूछ सके या पूछे गए प्रश्नों के उत्तर दे सके;

3 उचित शिष्ट –रीति से (सभा समाज की रीति से ) भाषा के शिष्ट (विनीत) रूप में बात कर सके;

4 वाद–विवाद में भाग ले सके और बातचीत को नाटकीय रूप दे सके;

5 हिंदी के सूक्ष्म अन्तर वाले शब्दों के उच्चारण में भेद कर सके;

6 सही उच्चारण, स्वर–बल, स्वर–शैली, गति और सरलता से हिंदी भाषा का मानक रूप बोल सके ।

**पढ़ाईः**

**विद्यार्थी**

1 सही उच्चारण, स्वर–बल और स्वर–शैली और विराम चिह्नों के प्रति पूर्ण सावधानी का प्रयोग करते हुए गति से प्रभावशाली ढंग द्वारा बोलकर पढ़ सके;

2 वाँछित गति और पूरी तरह समझते हुए मुँह में ही पढ़ने का अभ्यास करे;

3 कम से कम 2 – 3 पूरक रीडर पढ़ सके;

4 मनोरंजन के लिए चुनी हुई रचनाओं को पढ़ सके;

5 350 से 400 तक नए शब्द सीख सके;

7 शब्दकोश का प्रयोग करना सीख सके ।

**लिखाई :**

**विद्यार्थी**

1 शब्दों, वाक्यों और अनुच्छेदों का श्रुतलेख उचित गति और शुद्धता से लिख सके;

2 लिखते समय पूर्ण विराम, अर्द्ध विराम, प्रश्नवाचक चिह्न और विस्मयादिबोधक चिह्न का प्रयोग कर सके;

3 पाठ्य – पुस्तक के पाठों में से पूछे गए प्रश्नों के उत्तर लिख सके;

4 स्कूलों से सम्बन्धित साधारण पत्र और आवेदन पत्र आदि लिख सके;

5 संज्ञा, सर्वनाम, विशेषण, क्रिया, लिंग और वचन की पहचान कर सके तथा लिखते समय इनका प्रयोग कर सके।

6 सरल विषयो पर अपने शब्दों में लिख सके ।

**पाठ्य – पुस्तक : हिंदी पुस्तक – 5**

**(पंजाब स्कूल शिक्षा बोर्ड द्वारा प्रकाशित )**

## कक्षा– 5
## हिंदी (द्वितीय भाषा)

**उद्देश्य :**

**मौखिक अभिव्यक्ति :**

विद्यार्थी :

1 कम से कम अपने एक अनुभव को कहानी में बता सके;

2 कहानी, संवाद सुना सके । इसके अतिरिक्त किसी संवाद अथवा सरल भाषण प्रतियोगिता में भाग ले सके;

3 सही स्वर, बल एवं उच्चारण पर बल दे सके ।

**पढ़ाई :**

विद्यार्थी

1 विराम– चिह्नों के प्रति सावधान रहकर ठीक ढंग से बोलकर पढ़ सके;

2 सुविदित संयुक्त अक्षरों को पढ़ सके;

3 पठित सामग्री से वांछित सूचना प्राप्त कर सके;

4 पाठों में आए नये शब्दों एवं मुहावरों का प्रयोग वाक्यों में कर सके;

5 पाठों के अन्त में दिए गए प्रश्नों के उत्तर दे सके ।

**लिखाई :**

विद्यार्थी

1 शब्दों अथवा वाक्यों को उचित रीति एवं शुद्धता के साथ लिख सके;

2 पाठ्य – पुस्तक के पाठों में पूछे गए प्रश्नों के उत्तर ठीक ढंग से दे सके;

3 श्रुतलेख के रूप में सरल वाक्य एवं संक्षिप्त गद्यांश लिख सके;

4 अपने कार्य का सरल भाषा में विवरण दे सके;

5 हिंदी – पंजाबी शब्दों की समानता एवं अन्तर को समझकर हिंदी शब्दों को शुद्ध रूप में लिखने का अभ्यास कर सके;

6 गुरूमुखी लिपि में लिखे गए शब्दों के देवनागरी लिपि में लिख सके;

7 व्यावहारिक व्याकरण का ज्ञान प्राप्त कर सके;

8 रिक्त स्थानों की पूर्ति कर सके;

**पाठ्य – पुस्तक : आओ हिंदी सीखें – 5**
**(पंजाब स्कूल शिक्षा बोर्ड द्वारा प्रकाशित )**

## 4. ਉਰਦੂ

5

# Punjab School Education Board

S.A.S Nagar, Mohali

Syllabus of Urdu (First Language)

(Class V)

کل نمبر 100 نصابی کتاب:۔ابتدائی اردو(دوسری جماعت کے لیے اردو کی درسی کتاب) وقت 3 گھنٹے

شائع کردہ: N.C.E.R.T., DELHI

---

نوٹ: سوال I سے سوال نمبر VII تک تمام سوال نصابی کتاب میں سے پوچھے جائیں گے۔

| | | |
|---|---|---|
| I۔ | دیئے گئے سات سوالوں میں سے کوئی پانچ سوالوں کے جواب تحریر کرنا۔ | 15 |
| II۔ | دیئے گئے بارہ الفاظ میں سے کسی دس کے معانی لکھنا۔ | 10 |
| III۔ | ''الف'' کا ''ب'' کے ساتھ صحیح جوڑ ملا کر لکھنا۔ | 10 |
| IV۔ | دیئے گے الفاظ میں سے مناسب الفاظ کے ساتھ خالی جگہ پر کرنا۔ | 10 |
| V۔ | درج ذیل مصرعوں کو صحیح ترتیب سے لکھنا یا اپنی کتاب میں سے کوئی تین شعر لکھنا۔ | 12 |
| VI۔ | دیئے گئے الفاظ میں سے کسی پانچ کے واحد جمع لکھنا۔ | 10 |
| VII۔ | درج ذیل عبارت یا پیراگراف کو خوشخط لکھنا۔ | 3 |
| VIII۔ | اپنے اسکول کے پرنسپل، ہیڈ ماسٹر کے نام ضروری کام، بیماری، شادی میں شامل ہونے کے لئے چھٹی کے لئے درخواست لکھنا | 15 |
| IX۔ | درج ذیل عنوانات میں سے کسی ایک پر مضمون لکھنا۔ | 15 |

(میرا استاد، میرا اسکول، میرا دوست، گائے، عید کا تہوار، دیوالی)

## CLASS – V
## 4. ENGLISH

| Suggested Pedagogical Processes | Learning Outcomes |
|---|---|
| **The learner may be provided opportunities in pairs/groups/individually and encouraged to:**<br>➢ answer to textbased questions, short descriptive paragraphs orally as well as in writing .<br>➢ participate in activties which involve English language use, such as role-play, enactment, dialogue .<br>➢ look at print-rich environment in sign boards, newspapers, comics, magazines etc<br>➢ prepare speech for morning assembly on selected topics<br>➢ infer the meaning of unfamiliar words from the context while reading a variety of texts.<br>➢ Refer to the dictionary, for spelling, meaning of new words.<br>➢ understand the use of synonyms and antonyms.<br>➢ relate ideas and expressions in the stories that they have heard, to those in their mother tongue/surroundings/cultural context.<br>➢ read independently and silently in English moral stories, folk/fairy tales and current affairs.<br>➢ find out different forms of writing lists, leave application, notice,invitation etc.<br>➢ learn grammar in a context and integrated manner (such as use of nouns, adverbs; differentiates between simple past and simple present verbs.)<br>➢ use conjunctions between words and sentences such as 'and', 'but', etc.<br>➢ take dictation of short texts such as lists and paragraphs.<br>➢ enrich vocabulary through crossword puzzles, word chains etc.<br>➢ look at cartoons/ pictures/comic strips with or without words and speak/write a few sentences about them. | **The learner:**<br>• answers coherently in written or oral form to questions in English based on day-to-day life experiences, unfamiliar story, poem heard or read.<br>• recites and shares English, poems, games, riddles, stories, tongue twisters etc. with peers.<br>• acts according to instructions given in English, in games/sports, such as 'Hit the ball!' 'Throw the ring.' 'Run to the finish line!'etc.<br>• reads simple stories in English independently, talks about it, and composes short paragraphs under guidance.<br>• uses meaningful grammatically correct sentences to describe and narrate incidents;<br>• uses synonyms such as 'fast/rapid', 'late/ early', and antonyms like happy/sad, long/short side, from clues in context<br>• reads text with comprehension, locates details and sequence of events.<br>• connects ideas that he/she has inferred, through reading and interaction, with his/her personal experiences.<br>• takes dictation for different purposes, such as lists, paragraphs, dialogues etc.<br>• uses dictionary<br>• writes paragraphs in English from verbal, visual clues, with appropriate punctuation marks and linkers.<br>• writes formal letters, notices and invitations.<br>• reads print in the surroundings (advertisements,directions, names of places etc),<br>• identifies kinds of nouns pronouns, verb, adjective, adverbs; differentiates between simple past and simple present verbs.<br>• (advertisements, directions, names of places etc), understands and answers queries<br>• attempts to write creatively (posters, etc)<br>• able to comprehend visual images.<br>• appreciates either verbally / in writing the variety in food, dress, festivals as read/heard in his/her day-to-day life/ in storybook. |

**Contents**

1. The Elves and the Shoemaker
2. Two Frogs
3. Child and Grandma
4. The Flying Sikh- Milkha Singh
5. Raja Birbal
6. Bank- Our Need
7. Global Warming
8. A Glimpse From History
9. Safe Circle

## Book prescribed by Punjab School Education Board

**RAINBOW (English class-V)**

## ਸ਼੍ਰੇਣੀ ਪੰਜਵੀਂ
## 5. ਗਣਿਤ

# ਰੇਖਾ ਗਣਿਤ

### ਆਕ੍ਰਿਤੀਆਂ ਅਤੇ ਇਹਨਾਂ ਦਾ ਵਿੱਥਮਈ ਗਿਆਨ

- 2-D ਵਿੱਚ ਇੱਕ3-D ਵਸਤੂ ਦੇ ਦ੍ਰਿਸ਼ ਨੂੰ ਮਹਿਸੂਸ ਕਰਨਾ।
- ਨਿਰੀਖਣ ਅਤੇ ਪੇਪਰ ਮੋੜਨ ਦੁਆਰਾ ਬਣੇ ਇੱਕ ਕੋਣ ਨੂੰ ਮਹਿਸੂਸ ਕਰਨਾ।
- ਆਪਣੇ ਵਾਤਾਵਰਣ ਵਿੱਚੋਂ ਲੰਬ ਕੋਣਾਂ ਨੂੰ ਪਛਾਣਨਾ।
- ਕੋਣਾਂ ਦਾ ਸਮਕੋਣ, ਨਿਊਨ ਅਤੇ ਅਧਿਕ ਕੋਣਾਂ ਵਿੱਚ ਵਰਗੀਕਰਣ।
- ਸਮਕੋਣ, ਨਿਊਨ ਕੋਣ ਅਤੇ ਅਧਿਕ ਕੋਣ ਨੂੰ ਬਣਾ ਕੇ ਅਤੇ ਟਰੇਸ ਕਰਕੇ ਦਰਸਾਉਣਾ।
- ਪਰਿਚਿਤ 2-D ਆਕ੍ਰਿਤੀਆਂ ਦੇ ਘੁੰਮਣ ਅਤੇ ਪਰਛਾਵੇਂ ਨੂੰ ਅੰਤਰ - ਗਿਆਨ ਦੁਆਰਾ ਖੋਜਣਾ।
- ਪਰਿਚਿਤ 3-D ਆਕ੍ਰਿਤੀਆਂ ਵਿੱਚ ਸਮਮਿਤੀ ਨੂੰ ਅੰਤਰ-ਗਿਆਨ ਦੁਆਰਾ ਖੋਜਣਾ।
- ਜਾਲ, ਖਾਸ ਕਰਕੇ ਜਿਹੜੇ ਇਸ ਮੰਤਵ ਲਈ ਬਣਾਏ ਹਨ, ਦੀ ਵਰਤੋਂ ਕਰਕੇ ਘਣ, ਸਿਲੰਡਰ ਅਤੇ ਕੋਣਾਂ ਦੀਆਂ ਆਕ੍ਰਿਤੀਆਂ ਬਣਾਉਣਾ।

# ਸੰਖਿਆਵਾਂ

### ਸੰਖਿਆਵਾਂ ਅਤੇ ਕਿਰਿਆਵਾਂ

- 1●●● ਤੋਂ ਵੱਧ ਦੀਆਂ ਸੰਖਿਆਵਾਂ ਵਿੱਚ ਸਥਾਨਕ ਮੁੱਲ ਪਤਾ ਕਰਨਾ।
- ਜੋੜ, ਘਟਾਓ ਅਤੇ ਗੁਣਨ ਐਲਗੋਰਿਥਮ ਵਿੱਚ ਸਥਾਨਕ ਮੁੱਲ ਦੀ ਭੂਮਿਕਾ ਦਾ ਮਹੱਤਵ ਸਮਝਣਾ।
- ਗੈਰ ਰਸਮੀ ਅਤੇ ਮਿਆਰੀ ਵੰਡ ਐਲਗੋਰਿਥਮ ਵਰਤਣਾ।
- ਗੁਣਨਖੰਡਾਂ ਅਤੇ ਗੁਣਜਾਂ ਦੇ ਅਰਥ ਸਮਝਾਉਣਾ।

### ਦਿਮਾਗੀ ਅੰਕ ਗਣਿਤ

- ਜੋੜਫਲ, ਅੰਤਰ, ਗੁਣਨ ਅਤੇ ਭਾਗਫਲ ਦਾ ਅੰਦਾਜ਼ਾ ਲਗਾਉਣਾ ਅਤੇ ਨਿਕਟੀਕਰਣ ਦੀ ਵਰਤੋਂ ਕਰਕੇ ਪੜਤਾਲ ਕਰਨਾ।

### ਭਿੰਨਾਤਮਕ ਸੰਖਿਆਵਾਂ

- ਇੱਕ ਸਮੂਹ ਦਾ ਭਿੰਨਾਤਮਕ ਹਿੱਸਾ ਪਤਾ ਕਰਨਾ।
- ਭਿੰਨਾਂ ਦੀ ਤੁਲਨਾ ਕਰਨਾ।
- ਇੱਕ ਭਿੰਨ ਦੀ ਪਰਿਚਿਤ ਭਿੰਨਾਂ (1/2, 1/4, 3/4 ਆਦਿ) ਨਾਲ ਨਿਕਟਤਾ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ।
- ਲੰਬਾਈ ਅਤੇ ਧਨ ਦੀਆਂ ਇਕਾਈਆਂ ਦੇ ਸੰਦਰਭ ਵਿੱਚ ਦਸ਼ਮਲਵ ਭਿੰਨਾਂ ਦੀ ਵਰਤੋਂ।
- ਇੱਕ ਦਿੱਤੀ ਭਿੰਨ ਨੂੰ ਦਸ਼ਮਲਵ ਸੰਕੇਤਨ ਵਿੱਚ ਦਰਸਾਉਣਾ ਅਤੇ ਦਸ਼ਮਲਵ ਸੰਕੇਤਨ ਨੂੰ ਭਿੰਨ ਵਿੱਚ ਦਰਸਾਉਣਾ।

**ਧਨ (ਮੁਦਰਾ)**

- ਧਨ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਚਾਰ ਕਿਰਿਆਵਾਂ ਦੀ ਵਰਤੋਂ।

## ਮਾਪ

**ਲੰਬਾਈ**

- ਸਧਾਰਣ ਰੇਖਾ-ਗਣਿਤਿਕ ਆਕ੍ਰਿਤੀਆਂ ਦਾ ਪਰਿਮਾਪ ਅਤੇ ਖੇਤਰਫਲ ਪਤਾ ਕਰਨਾ।
- ਲੰਬਾਈ, ਭਾਰ ਅਤੇ ਆਇਤਨ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਚਾਰ ਕਿਰਿਆਵਾਂ ਦੀ ਵਰਤੋਂ।
- ਲੰਬਾਈ, ਭਾਰ ਅਤੇ ਆਇਤਨ ਦੀਆਂ ਵੱਡੀਆਂ ਅਤੇ ਛੋਟੀਆਂ ਇਕਾਈਆਂ ਵਰਤ ਕੇ ਸਾਂਝਾ ਸੰਬੰਧ ਜੋੜਨਾ ਅਤੇ ਇੱਕ ਨੂੰ ਦੂਜੇ ਵਿੱਚ ਬਦਲਣਾ।
- ਸਧਾਰਣ ਭਿੰਨਾਂ ਨੂੰ ਰਾਸ਼ੀਆਂ 'ਤੇ ਲਾਗੂ ਕਰਨਾ।
- ਭਿੰਨਾਤਮਕ ਵੱਡੀਆਂ ਇਕਾਈਆਂ ਨੂੰ ਪੂਰਨ ਛੋਟੀਆਂ ਇਕਾਈਆਂ ਵਿੱਚ ਬਦਲਣਾ।
- ਇੱਕ ਠੋਸ ਵਸਤੂ ਦੇ ਆਇਤਨ ਦਾ ਮਹੱਤਵ ਸਮਝਣਾ: ਅੰਤਰ ਗਿਆਨ ਰਾਹੀਂ ਅਤੇ ਅਣ-ਉਪਚਾਰਕ (ਗੈਰ-ਰਸਮੀ) ਮਾਪ ਦੀ ਵੀ ਵਰਤੋਂ ਕਰਕੇ।
- ਸਧਾਰਣ ਹਾਲਤਾਂ ਵਿੱਚ ਸਮਾਂ ਅਵਧੀ ਪਤਾ ਕਰਨ ਵਿੱਚ ਜੋੜ ਅਤੇ ਘਟਾਓ ਦੀ ਵਰਤੋਂ।

**ਅੰਕੜੇ ਬਣਾਉਣਾ**

- ਦੋ ਪਸਾਰੀ ਮਾਤਰਾਤਮਕ ਅੰਕੜੇ ਇਕੱਠੇ ਕਰਨਾ।
- ਅੰਕੜਿਆਂ ਨੂੰ ਇੱਕ ਸਾਰਣੀ ਦੇ ਰੂਪ ਵਿੱਚ ਦਰਸਾਉਣਾ।
- ਅੰਕੜਿਆਂ ਨੂੰ ਛੜ ਗਰਾਫ ਜਾਂ ਚਿੱਤਰ-ਚਿੰਨ੍ਹ ਰਾਹੀਂ ਦਰਸਾਉਣਾ।

**ਨਮੂਨੇ**

- ਵਰਗ ਸੰਖਿਆਵਾਂ, ਤਿਕੋਣਾਕਾਰ ਸੰਖਿਆਵਾਂ ਵਿੱਚ ਨਮੂਨਿਆਂ ਦੀ ਪਹਿਚਾਣ ਕਰਨੀ।
- ਲਗਾਤਾਰ ਵਰਗ ਸੰਖਿਆਵਾਂ ਵਿੱਚ ਟਾਂਕ ਸੰਖਿਆਵਾਂ ਦੇ ਅਨੁਕ੍ਰਮ ਵਿੱਚ ਸੰਬੰਧ।
- ਕਿਨਾਰੀ ਪੱਟੀ ਅਤੇ ਖਪਰੈਲ (ਟਾਇਲ) ਨਮੂਨੇ ਬਣਾਉਣਾ।

## ਸ਼੍ਰੇਣੀ : ਪੰਜਵੀਂ
## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ❖ ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ❖ ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ❖ ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ❖ ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ❖ ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ❖ ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ❖ ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ❖ ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

### ਪਾਠਕ੍ਰਮ

ਅਧਿਆਇ-1 **ਬਦਲਦੇ ਵਕਤ-ਬਦਲਦੇ ਪਰਿਵਾਰ**:- ਆਰਥਕ, ਸਮਾਜਕ ਕਾਰਨਾ ਕਾਰਨ ਪਰਿਵਾਰ ਦੀ ਰਚਨਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਬਦਲਾਅ, ਪਰਦੇਸਾਂ ਵਿੱਚ ਪਰਵਾਸ, ਪਰਿਵਾਰ ਦੀ ਭੂਮਿਕਾ, ਆਪਸੀ ਸੰਬੰਧਾਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਵਿੱਚ ਤਬਦੀਲੀ।

ਅਧਿਆਇ-2 **ਪਰਵਾਸ**:- ਪਰਵਾਸ ਕਾਰਨ ਰਹਿਣ ਸਥਾਨ ਵਿੱਚ ਬਦਲਾਅ, ਤਬਾਦਲਾ, ਢਹਾਈ/ਬਰਬਾਦੀ, ਉਦਯੋਗਾਂ ਦਾ ਵਿਕਾਸ ਅਤੇ ਸੰਬੰਧਤ ਔਕੜਾਂ।

ਅਧਿਆਇ-3 **ਪਸੰਦ ਆਪੋ-ਆਪਣੀ**:- ਪਰਿਵਾਰ ਦੇ ਮੈਂਬਰਾਂ/ਮਿੱਤਰਾਂ/ਸਕੇ ਸੰਬੰਧੀਆਂ ਦੇ ਸਰੀਰਿਕ ਲੱਛਣਾਂ ਅਤੇ ਗੁਣਾਂ ਬਾਰੇ ਮੁੱਢਲੀ ਜਾਣਕਾਰੀ, ਸੁਆਦ, ਖੁਸ਼ਬੋਆਂ ਅਤੇ ਰੰਗਾਂ ਪ੍ਰਤੀ ਪੰਸਦ-ਨਾਪੰਸਦ, ਵਿਲੱਖਣ ਸਮੱਰਥਾ ਰੱਖਣ ਵਾਲੇ ਵਿਦਿਆਰਥੀਆਂ ਪ੍ਰਤੀ ਸੰਵੇਦਨਸ਼ੀਲਤਾ, ਸੰਕੇਤ ਭਾਸ਼ਾ।

ਅਧਿਆਇ-4 **ਮਿਹਨਤ ਨਾਲ ਸਫ਼ਲਤਾ**:- ਖੇਡਾਂ ਦੀਆਂ ਕਿਸਮਾਂ, ਭਾਵਨਾ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਖੇਡਾਂ, ਪੰਸਦੀਦਾ ਖਿਡਾਰੀ, ਵਰਗ-ਪੁਰਸ਼, ਇਸਤਰੀ, ਖੇਡਾਂ ਵਿੱਚ ਰੂੜੀ ਬੱਧਤਾ, ਕੌਮੀ ਖਿਡਾਰੀ, ਖੇਡਾਂ ਵਿੱਚ ਭਾਗ ਲੈਣਾ ਅਤੇ ਸਥਾਨ ਹਾਸਲ ਕਰਨਾ।

ਅਧਿਆਇ-5 **ਖੇਡ-ਖੇਡ ਵਿੱਚ** :-ਸਥਾਨਕ ਅਤੇ ਪਰੰਪਰਾਗਤ ਖੇਡਾਂ, ਮਾਰਸ਼ਲ ਆਰਟ, ਸਥਾਨਕ ਖੇਡਾਂ ਦੇ ਬਦਲਦੇ ਰੂਪ, ਆਰਾਮ, ਖੇਡਾਂ ਅਤੇ ਸਰੀਰਿਕ ਤੰਦਰੁਸਤੀ ਦੇ ਬਦਲਦੇ ਰੂਪ, ਸਾਹ ਲੈਣਾ, ਦਿਲ ਦੀ ਧੜਕਨ, ਛਾਤੀ ਫੁਲਾਉਣਾ।

ਅਧਿਆਇ-6 **ਧਰਤੀ ਸਾਡਾ ਵੀ ਘਰ** :- ਜਾਨਵਰਾਂ ਵਿੱਚ ਸੰਵੇਦਨਾ ਅਤੇ ਹੋਰ ਗੁਣ, ਮਨੁੱਖ ਨਾਲ ਤੁਲਨਾ, ਜਾਨਵਰਾਂ ਨੂੰ ਖਤਰਾ, ਵਿਦਿਆਰਥੀਆਂ ਵਿੱਚ ਜਾਨਵਰਾਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ।

ਅਧਿਆਇ-7 **ਮਨੁੱਖ ਦੇ ਸਾਥੀ ਜੰਤੂ** :-ਜਾਨਵਰ ਅਤੇ ਉਨ੍ਹਾਂ ਦਾ ਮੱਹਤਵ, ਪਦਾਰਥਾਂ ਦੀ ਸ਼ੁੱਧਤਾ, ਰੁਜ਼ਗਾਰ ਵਿੱਚ ਜਾਨਵਰਾਂ ਵਲੋਂ ਮਦਦ।

ਅਧਿਆਇ-8 **ਬੀਜ ਦਾ ਸਫ਼ਰ**:- ਬੀਜ ਅਤੇ ਪੌਦੇ ਦੇ ਬਾਕੀ ਭਾਗਾਂ ਤੋਂ ਪੌਦਾ ਉਗਾਉਣਾ, ਜੜ੍ਹ ਅਤੇ ਤਨਾ। ਬੀਜਾਂ ਵਿੱਚ ਭੋਜਨ ਭੰਡਾਰਨ, ਬੀਜਾਂ ਦਾ ਖਿੰਡਰਨਾ।

ਅਧਿਆਇ-9 **ਜੰਗਲ ਅਤੇ ਜੀਵਨ**:- ਜੰਗਲ, ਕਬੀਲੇ ਦੇ ਲੋਕ, ਜੰਗਲਾਂ ਦਾ ਮਹੱਤਵ, ਜੰਗਲਾਂ/ਪੌਦਿਆਂ ਨੂੰ ਬਚਾਉਣਾ, ਵੱਖ-ਵੱਖ ਖੇਤਰਾਂ/ਦੇਸ਼ਾਂ ਦੇ ਪੌਦੇ, ਵਚਿੱਤਰ ਪੌਦਿਆਂ ਉੱਤੇ ਜਲਵਾਯੂ ਦਾ ਪ੍ਰਭਾਵ।

ਅਧਿਆਇ-10 **ਖਾਦ ਪਦਾਰਥਾਂ ਦੀ ਸਾਭ ਸੰਭਾਲ**:- ਭੋਜਨ ਦਾ ਭੰਡਾਰਨ, ਭੰਡਾਰ ਵਿੱਚ ਅਨਾਜ ਦਾ ਖਰਾਬ ਹੋਣਾ, ਭੋਜਨ ਦੀ ਬਰਬਾਦੀ, ਅਚਾਰ ਬਨਾਉਣਾ,

ਅਧਿਆਇ-11 **ਭੋਜਨ ਦੇ ਬਦਲਦੇ ਰੂਪ**:- ਬਜ਼ੁਰਗਾਂ ਤੋਂ ਅੱਜ ਦੀ ਪੀੜ੍ਹੀ ਤੱਕ ਭੋਜਨ ਸੰਬੰਧੀ ਆਦਤਾਂ ਵਿੱਚ ਤਬਦੀਲੀ, ਵੱਖ-ਵੱਖ ਖੇਤਰਾਂ/ਸਭਿਆਚਾਰ ਅਨੁਸਾਰ ਖਾਣ-ਪਾਣ ਦਾ ਵਖਰੇਵਾਂ; ਬਦਲਦੀਆਂ ਫ਼ਸਲਾਂ।

ਅਧਿਆਇ-12 **ਭੋਜਨ ਖਾਈਏ ਤੇ ਪਚਾਈਏ**:- ਭੋਜਨ ਦੇ ਵੱਖ-ਵੱਖ ਪੋਸ਼ਕ ਤੱਤ, ਭੋਜਨ ਦਾ ਪਾਚਨ,ਭੋਜਨ ਦੀਆਂ ਕਿਸਮਾਂ।

ਅਧਿਆਇ-13 **ਤਰੁੱਟੀ ਰੋਗ**:- ਸਤੁੰਲਿਤ ਭੋਜਨ:- ਪੌਸ਼ਟਿਕਤਾ ਦੀ ਘਾਟ ਕਾਰਨ ਤਰੁੱਟੀ ਰੋਗ, ਭੁੱਖਮਰੀ।

ਅਧਿਆਇ-14 **ਕੀਟ ਆਹਾਰੀ ਪੌਦੇ**:- ਪੌਦਿਆਂ ਲਈ ਭੋਜਨ, ਕੀਟ-ਆਹਾਰੀ ਪੌਦੇ, ਭੋਜਨ ਲੜੀ ਅਤੇ ਭੋਜਨ ਜਾਲ ਸੰਬੰਧੀ ਮੁਢਲੀ ਜਾਣਕਾਰੀ।

ਅਧਿਆਇ-15 **ਆਵਾਸ ਵਿੱਚ ਵਿਭਿੰਨਤਾ**; ਜਲਵਾਯੂ ਅਤੇ ਸਥਾਨਕ ਪਦਾਰਥਾਂ ਦੀ ਉਪਲੱਬਧਤਾ ਕਾਰਨ, , ਆਰਥਿਕ ਪੱਧਰ ਕਾਰਨ,ਭੋਤਿਕ ਸਥਿਤੀ ਕਾਰਨ, ਸਮੱਗਰੀ ਦੀ ਉਪਲੱਬਧਤਾ ਕਾਰਨ ਵੱਖ-ਵੱਖ ਤਰ੍ਹਾਂ ਦੇ ਘਰ ਅਤੇ ਵਾਤਾਵਰਣ ਪੱਖੀ ਘਰ।

ਅਧਿਆਇ-16 **ਸਮੂਹ ਅਤੇ ਸੁੱਖ**:-ਗੁਆਂਢ, ਕੁਦਰਤੀ ਆਫਤਾਂ ਸਮੇਂ ਘਰ ਖੁੱਸਣ ਦਾ ਸਦਮਾ, ਸਮੁਦਾਇਕ ਮਦਦ, ਹਸਪਾਤਲ, ਪੁਲਿਸ ਸਟੇਸ਼ਨ

ਅਧਿਆਇ-17 **ਪਾਣੀ ਇੱਕ ਵੱਡਮੁੱਲਾ ਕੁਦਰਤੀ ਸਾਧਨ**:- ਪਾਣੀ ਦੀਆਂ ਵਿਸ਼ੇਸ਼ਤਾਵਾਂ, ਰੂਪ, ਜਲ ਚੱਕਰ, ਘੁਲਣਸ਼ੀਲਤਾ,ਵਸਤਾਂ ਦਾ ਤੈਰਨਾ ਅਤੇ ਡੁੱਬਣਾ, ਸਮਾਜਕ ਵਿਤਕਰਾ।

ਅਧਿਆਇ-18 ਪਾਣੀ ਖੇਤੀ ਦਾ ਆਧਾਰ:- ਸਿੰਜਾਈ ਦੇ ਸਾਧਨ, ਪੁਰਾਤਨ ਅਤੇ ਆਧੁਨਿਕ, ਹਾੜ੍ਹੀ ਤੇ ਸਾਉਣੀ ਦੀਆਂ ਫਸਲਾਂ, ਧਰਤੀ ਹੇਠਲੇ ਪਾਣੀ ਦਾ ਬਚਾਅ।

ਅਧਿਆਇ-19 **ਪਾਣੀ ਅੰਦਰਲੀ ਦੁਨੀਆ**:- ਪਾਣੀ ਵਿੱਚ ਰਹਿਣ ਵਾਲੇ ਮੁੱਖ ਪੌਦੇ, ਪਾਣੀ ਵਿੱਚ ਰਹਿਣ ਵਾਲੇ ਮੁੱਖ ਜੀਵ ਜੰਤੂ, ਪਾਣੀ ਵਿੱਚ ਰਹਿਣ ਵਾਲੇ ਪੰਛੀ।

ਅਧਿਆਇ-20 **ਧਰਤੀ ਤੋਂ ਆਕਾਸ਼ ਤੱਕ**:- ਬਾਲਣ ਦੇ ਵੱਖ-ਵੱਖ ਸੋਮੇ, ਨਾ ਨਵਿਆਉਣਯੋਗ ਸੋਮੇ, ਯਾਤਰਾ, ਸਫਰ ਦੇ ਵੱਖ-ਵੱਖ ਤਜ਼ਰਬੇ।

ਅਧਿਆਇ-21 **ਝਲਕ ਬੀਤੇ ਸਮੇਂ ਦੀ** :-ਵਿਰਾਸਤੀ ਇਮਾਰਤਾਂ, ਗਿਆਨ ਦੇ ਸੋਮੇ, ਕਿਵੇਂ ਉਸਾਰੀਆਂ ਗਈਆਂ, ਵਰਤੀ ਗਈ ਸਮੱਗਰੀ, ਕਾਰੀਗਰਾਂ ਦੀ ਨਿਪੁੰਨਤਾ, ਕੁਝ ਇਤਿਹਾਸਤਕ ਸ਼ਖ਼ਸੀਅਤਾਂ।

ਅਧਿਆਇ-22 **ਕੁਦਰਤੀ ਸਰੋਤ**:- ਸਿਰਜਣਾਤਮਕਤਾ ਦਾ ਵਧੇਰੇ ਪ੍ਰਗਟਾਅ, ਕੁਦਰਤੀ ਸੋਮਿਆਂ ਦੀ ਲੋੜ ਤੋਂ ਵੱਧ ਵਰਤੋਂ, ਅਜਿਹੀਆਂ ਖੋਜਾਂ ਜੋ ਮਨੁੱਖ ਵੱਲੋਂ ਪਾਈਆਂ ਘਾਟਾਂ ਤੇ ਕਾਬੂ ਪਾ ਕੇ ਸਥਿਤੀ ਬਿਹਤਰ ਬਣਾ ਸਕਣ।

ਅਧਿਆਇ-23 **ਖੇਤ ਤੋਂ ਪਲੇਟ ਤੱਕ**:- ਅਨਾਜ ਦੀ ਕਹਾਣੀ- ਖੇਤ ਤੋਂ ਪਲੇਟ ਤੱਕ, ਢੰਗ ਅਤੇ ਸੰਦ, ਅਨਾਜ ਤੋਂ ਬਣੇ ਵੱਖ-ਵੱਖ ਪਕਵਾਨ, ਘਰਾਂ ਜਾਂ ਖੇਤਾਂ ਵਿੱਚ ਪਾਣੀ ਨੂੰ ਧਰਤੀ ਤੋਂ ਉਪਰ ਉਠਾਉਣ ਦੇ ਢੰਗ।

**ਅਧਿਆਇ-24** **ਕੰਪਿਊਟਰ ਦੀ ਵਰਤੋਂ**:- ਕੰਪਿਊਟਰ ਦੀ ਵੱਖ -ਵੱਖ ਖੇਤਰਾਂ ਵਿੱਚ ਵਰਤੋਂ-ਸਿੱਖਿਆ, ਬੈਂਕ, ਵਪਾਰ, ਘਰ, ਮਨੋਰੰਜਨ, ਸਿਹਤ, ਖੇਡਾਂ।

## ਸ਼੍ਰੇਣੀ ਪੰਜਵੀਂ
## 7. ਸਿਹਤ ਅਤੇ ਸਰੀਰਿਕ ਸਿੱਖਿਆ

### ਪਾਠਕ੍ਰਮ

(1) **ਕਾਲੀਸਥੈਨਿਕਸ**

i. ਲੇਜੀਅਮ ਅਤੇ ਡੰਬਲਜ਼ ਨਾਲ਼ ਕਸਰਤਾਂ

ii. ਡਰਿੱਲ ਅਤੇ ਮਾਰਚਿੰਗ

(1) **ਜਿਮਨਾਸਟਿਕ**

i. ਪਹੀਆ ਚਾਲ (ਕਾਰਟ ਵੀਲ੍ਹ)

ii. ਡਾਈਵ ਐਂਡ ਰੋਲ

iii. ਹੱਥਾਂ ਭਾਰ ਖਲੋਣਾ (ਹੈਂਡ ਸਟੈਂਡ)

iv. ਸੰਤੁਲਨ ਕਿਰਿਆਵਾਂ (ਬੈਲਿਸਿੰਗ ਐਕਸਰਸਾਇਜ਼ਜ)

(2) **ਐਥਲੈਟਿਕਸ**

i. 50 ਮੀਟਰ ਦੀ ਦੌੜ

ii. ਲੰਮੀ ਛਾਲ

iii. ਉੱਚੀ ਛਾਲ

iv. 100 ਮੀਟਰ ਦੀ ਦੌੜ

v. ਛੋਟੀ ਬਾਲ ਸੁੱਟਣਾ

(3) **ਖੇਡਾਂ**

ਨੋਟ : ਵਿਦਿਆਰਥੀ ਹੇਠ ਲਿਖੀਆਂ ਖੇਡਾਂ ਵਿੱਚੋਂ ਕੋਈ ਇੱਕ ਖੇਡ ਦੀ ਚੋਣ ਕਰ ਸਕਦਾ ਹੈ।

| ਲੜਕੇ | ਲੜਕੀਆਂ |
|---|---|
| ਫੁੱਟਬਾਲ | ਫੁੱਟਬਾਲ |
| ਹਾਕੀ | ਹਾਕੀ |
| ਹੈਂਡਬਾਲ | ਹੈਂਡਬਾਲ |
| ਖੋ-ਖੋ | ਖੋ-ਖੋ |
| ਤੈਰਾਕੀ | ਤੈਰਾਕੀ |
| ਕੁਸ਼ਤੀ | |
| ਬੈਡਮਿੰਟਨ | ਬੈਡਮਿੰਟਨ |

## ਪ੍ਰਾਰਥਨਾ ਸਭਾ (ਪਹਿਲੀ ਤੋਂ ਪੰਜਵੀਂ ਸ਼੍ਰੇਣੀ ਲਈ)

1. **ਫਾਰਮੇਸ਼ਨ:** ਸਿਖਿਆਰਥੀਆਂ ਦੀ ਉਮਰ ਅਨੁਸਾਰ ਵੱਖ-ਵੱਖ ਫਾਰਮੇਸ਼ਨਾ ਵਿੱਚ ਖੜ੍ਹਨਾ ਸਿਖਾਇਆ ਜਾਵੇ।

   ਇਹ ਫਾਰਮੇਸ਼ਨਾ ਹੇਠ ਲਿਖੀਆਂ ਹਨ:

   ਕਤਾਰ, ਅਰਧ-ਚੱਕਰ ਅਤੇ ਘੋੜੇ ਦੀ ਨਾਲ਼ ਵਾਂਗ ਖੜ੍ਹਨ ਦੀ ਫਾਰਮੇਸ਼ਨਾ :

   ਖੁਲ੍ਹੀ ਲਾਈਨ, ਨਿਕਟ ਲਾਈਨ, ਵਰਗਾਕਾਰ, ਦੂਹਰਾ ਚੱਕਰ ਅਤੇ ਦਸਤਿਆਂ ਵਿੱਚ ਖੜ੍ਹਨ ਦੀ ਫਾਰਮੇਸ਼ਨ ।

   ਛੋਟੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਵੱਖ-ਵੱਖ ਰੂਪਾਂ ਵਿੱਚ ਖੜ੍ਹਨ ਲਈ ਚੂਨੇ ਦੀਆਂ ਲੀਕਾਂ ਵਾਹੁਣ ਦੀ ਜ਼ਰੂਰਤ ਪਵੇਗੀ।
2. **ਪ੍ਰਾਰਥਨਾ:** ਰਾਸ਼ਟਰੀ ਗਾਣ ਜਾਂ ਕੌਮੀ ਗੀਤ ਜਾਂ ਕੌਮੀ ਝੰਡੇ ਦਾ ਗੀਤ ਗਾਇਆ ਜਾਵੇ। ਤਾਲ ਅਤੇ ਸ਼ੁੱਧ ਉਚਾਰਨ ਅਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਜਾਵੇ।
3. **ਸਿਹਤ ਨਿਰੀਖਣ:** ਪ੍ਰਾਰਥਨਾ ਖਤਮ ਹੋਣ ਤੋਂ ਪਿੱਛੋਂ ਨਹੁੰਆਂ, ਕੇਸਾਂ, ਦੰਦਾਂ, ਹੱਥਾਂ ਅਤੇ ਵਰਦੀ ਆਦਿ ਦੀ ਸਫ਼ਾਈ ਦਾ ਨਿਰੀਖਣ ਕੀਤਾ ਜਾਵੇ।

### ਆਮ ਹਦਾਇਤਾਂ :

ਬੱਚਿਆਂ ਵਿੱਚ ਚੰਗੀ ਸਿਹਤ ਬਣਾਉਣ ਦੀਆਂ ਆਦਤਾਂ ਅਤੇ ਸਹੀ ਢੰਗ ਨਾਲ਼ ਬੈਠਣਾ, ਖੜ੍ਹਨਾ ਅਤੇ ਚੱਲਣਾ। ਸਮਾਜਿਕ ਸ਼ਿਸ਼ਟਾਚਾਰ ਵਿਕਸਤ ਕਰਨ ਲਈ ਵੱਖ-ਵੱਖ ਵਿਸ਼ਿਆਂ ਉੱਤੇ ਨਿੱਕੀਆਂ-ਨਿੱਕੀਆਂ ਕਹਾਣੀਆਂ ਜਾਂ ਗੱਲ - ਬਾਤਾਂ ਰਾਹੀਂ ਹਦਾਇਤਾਂ ਕੀਤੀਆਂ ਜਾਣ। ਲੋੜ ਅਨੁਸਾਰ ਆਪ ਕਰਕੇ ਵੀ ਦਿਖਾਇਆ ਜਾਵੇ। ਹੇਠਾਂ ਕੁੱਝ ਵਿਸ਼ੇ ਸੁਝਾਏ ਗਏ ਹਨ। ਇਹੋ ਜਿਹੇ ਹੋਰ ਵਿਸ਼ੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ।

### ਸਹੀ ਢੰਗ ਨਾਲ਼ ਬੈਠਣਾ ਚਲਣਾ :

ਚੰਗੀ ਸਿਹਤ ਲਈ ਸਹੀ ਢੰਗ ਨਾਲ਼ ਬੈਠਣਾ, ਖੜ੍ਹਨਾ ਅਤੇ ਚਲਣਾ ਬੜਾ ਜ਼ਰੂਰੀ ਹੈ। ਅਧਿਆਪਕ ਖੜ੍ਹਨ, ਬੈਠਣ, ਦੌੜਨ, ਸੌਣ ਅਤੇ ਪੜ੍ਹਨ ਦੇ ਸਹੀ ਢੰਗਾਂ ਨੂੰ ਦਰਸਾਉਣ ਅਤੇ ਇਨ੍ਹਾਂ ਦੀ ਵਿਆਖਿਆ ਕਰਕੇ ਵਿਦਿਆਰਥੀਆਂ ਨੂੰ ਸਿਖਾਉਣ, ਸਕੂਲ ਵਿੱਚ ਅਜਿਹੇ ਚਾਰਟ ਵੀ ਦਿਖਾਏ ਜਾਣ।

### ਸਿਹਤਮੰਦ ਆਦਤਾਂ :

ਆਰਾਮ ਕਰਨ, ਆਲ਼ੇ-ਦੁਆਲ਼ੇ ਨੂੰ ਸਾਫ਼ ਰੱਖਣਾ ਸਿਖਾਇਆ ਜਾਵੇ। ਪਿਸ਼ਾਬ ਖਾਨਿਆ ਅਤੇ ਟੱਟੀ ਖਾਨਿਆਂ ਦੀ ਸਹੀ ਵਰਤੋਂ ਸਿਖਾਈ ਜਾਵੇ।

### ਸਮਾਜਿਕ ਸ਼ਿਸ਼ਟਾਚਾਰ :

ਆਪਣੇ ਅਧਿਆਪਕ, ਸਾਥੀਆਂ ਅਤੇ ਵਡੇਰਿਆਂ ਦਾ ਆਦਰਮਾਣ ਕਰਨਾ ਸਿਖਾਇਆ ਜਾਵੇ।